ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

# ਸਾਂਝੀ ਸੋਚ

SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2427 | 7 April, 2026 Tuesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਵ੍ਹਾਈਟ ਹਾਊਸ ਨੇੜੇ ਲਾਫਾਇਟ ਪਾਰਕ 'ਚ ਫਾਇਰਿੰਗ ਤੋਂ ਬਾਅਦ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ


**ਵਾਸ਼ਿੰਗਟਨ ਡੀ.ਸੀ ਸਾਂਝੀ ਸੋਚ ਬਿਊਰੋ**

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਵ੍ਹਾਈਟ ਹਾਊਸ ਦੇ ਬਿਲਕੁਲ ਨੇੜੇ ਸਥਿਤ ਲਾਫਾਇਟ ਪਾਰਕ ਵਿਚ ਫਾਇਰਿੰਗ ਹੋਣ ਦੀ ਖ਼ਬਰ ਸਾਹਮਣੇ ਆਈ। ਇਹ ਘਟਨਾ ਐਤਵਾਰ ਰਾਤ ਕਰੀਬ 1 ਵਜੇ ਵਾਪਰੀ, ਜੋ ਕਿ ਵ੍ਹਾਈਟ ਹਾਊਸ ਦੇ ਉੱਤਰੀ ਪਾਸੇ ਸਥਿਤ ਹੈ। ਹਾਲਾਂਕਿ, ਇਸ ਘਟਨਾ ਵਿਚ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਸੂਚਨਾ ਨਹੀਂ ਮਿਲੀ ਹੈ।ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਯੂਨਾਈਟਿਡ ਸਟੇਟਸ ਸੀਕਰੇਟ ਸਰਵਿਸ, ਮੈਟਰੋਪੋਲੀਟਨ ਪੁਲਿਸ ਵਿਭਾਗ ਅਤੇ ਯੂਨਾਈਟਿਡ ਸਟੇਟਸ ਪਾਰਕ ਪੁਲਿਸ ਨੇ ਤੁਰੰਤ ਮੌਕੇ 'ਤੇ ਪਹੁੰਚ ਕੇ ਪੂਰੇ ਇਲਾਕੇ ਵਿਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਸੁਰੱਖਿਆ ਦੇ ਮੱਦੇਨਜ਼ਰ ਵ੍ਹਾਈਟ ਹਾਊਸ ਦੇ ਆਲੇ-ਦੁਆਲੇ ਦੀਆਂ ਕਈ ਮੁੱਖ ਸੜਕਾਂ ਨੂੰ ਅਹਿਤਿਆਤ ਵਜੋਂ ਬੰਦ ਕਰ ਦਿੱਤਾ ਗਿਆ ਹੈ।ਸੀਕਰੇਟ ਸਰਵਿਸ ਦੇ ਸੰਚਾਰ ਮੁਖੀ ਐਂਥਨੀ ਗੁਗਲੀਏਲਮੀ ਨੇ ਦੱਸਿਆ ਕਿ ਅਧਿਕਾਰੀ ਪਾਰਕ ਅਤੇ ਆਸ-ਪਾਸ ਦੇ ਇਲਾਕਿਆਂ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਫਿਲਹਾਲ ਕਿਸੇ ਵੀ ਸ਼ੱਕੀ ਦੀ ਗ੍ਰਿਫਤਾਰੀ ਨਹੀਂ ਹੋਈ ਹੈ, ਪਰ ਪੁਲਿਸ ਇੱਕ ਸ਼ੱਕੀ ਵਾਹਨ ਅਤੇ ਇੱਕ ਵਿਅਕਤੀ ਦੀ ਭਾਲ ਕਰ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਜਾਂ




ਵੀਡੀਓ ਫੁਟੇਜ ਹੋਵੇ, ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ।ਅਧਿਕਾਰੀਆਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਘਟਨਾ ਦਾ ਵ੍ਹਾਈਟ ਹਾਊਸ ਦੇ ਰੋਜ਼ਾਨਾ ਦੇ ਕੰਮਕਾਜ 'ਤੇ ਕੋਈ ਅਸਰ ਨਹੀਂ ਪਿਆ ਹੈ ਅਤੇ ਉੱਥੇ ਗਤੀਵਿਧੀਆਂ ਆਮ ਵਾਂਗ ਜਾਰੀ ਹਨ। ਪ੍ਰਤੱਖਦਰਸ਼ੀਆਂ ਮੁਤਾਬਕ ਇਲਾਕੇ ਵਿਚ ਭਾਰੀ ਪੁਲਿਸ ਬਲ ਤਾਇਨਾਤ ਹੈ ਅਤੇ ਅਧਿਕਾਰੀ ਹਰ ਸ਼ੱਕੀ ਹਰਕਤ 'ਤੇ ਨਜ਼ਰ ਰੱਖ ਰਹੇ ਹਨ। ਇਹ ਘਟਨਾ ਅਮਰੀਕਾ ਦੇ ਸਭ ਤੋਂ ਸੁਰੱਖਿਅਤ ਖੇਤਰ ਵਿਚ ਸੁਰੱਖਿਆ ਏਜੰਸੀਆਂ ਦੀ ਮੁਸਤੈਦੀ ਨੂੰ ਮੁੜ ਦਰਸਾਉਂਦੀ ਹੈ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

# ਟਰੰਪ ਦੀ ਧਮਕੀ ਪਿੱਛੋਂ ਤੇਲ ਕੀਮਤਾਂ 'ਚ ਭਾਰੀ ਵਾਧਾ, ਮਾਹਿਰਾਂ ਦੀ ਚਿਤਾਵਨੀ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਈਰਾਨ ਵਿਰੁੱਧ ਸਖ਼ਤ ਰੁਖ਼ ਅਪਣਾਉਂਦੇ ਹੋਏ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਈਰਾਨ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਨਹੀਂ ਖੋਲ੍ਹਦਾ ਹੈ, ਤਾਂ ਅਮਰੀਕਾ ਸਖ਼ਤ ਕਾਰਵਾਈ ਕਰ ਸਕਦਾ ਹੈ। ਨਤੀਜੇ ਵਜੋਂ ਮੰਗਲਵਾਰ ਨੂੰ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਬ੍ਰੈਂਟ ਕਰੂਡ ਦੀ ਕੀਮਤ 57 ਸੈਂਟ (ਲਗਭਗ 0.5%) ਵਧ ਕੇ $110.34 ਪ੍ਰਤੀ ਬੈਰਲ ਤੱਕ ਪਹੁੰਚ ਗਈ। ਇਸ ਦੌਰਾਨ, ਯੂਐਸ ਵੈਸਟ ਟੈਕਸਾਸ ਇੰਟਰਮੀਡੀਏਟ (ਡਬਲਯੂਟੀਆਈ) ਕੱਚਾ ਤੇਲ $1.26 (ਲਗਭਗ 1.1%) ਵਧ ਕੇ $113.67 ਪ੍ਰਤੀ ਬੈਰਲ ਤੱਕ ਪਹੁੰਚ ਗਿਆ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਨੂੰ ਸਖ਼ਤ ਚਿਤਾਵਨੀ ਜਾਰੀ ਕੀਤੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਉਹ ਮੰਗਲਵਾਰ ਰਾਤ 8:00 ਵਜੇ ਤੱਕ ਹੋਰਮੁਜ਼ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਨੂੰ "ਵੱਡੀ ਕਾਰਵਾਈ" ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਜ਼ਰੂਰੀ ਹੋਇਆ ਤਾਂ ਈਰਾਨ ਨੂੰ ਪੂਰੀ ਤਰ੍ਹਾਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ।ਇਸ ਦੌਰਾਨ ਈਰਾਨ ਨੇ ਪਾਕਿਸਤਾਨ ਦੁਆਰਾ ਵਿਚੋਲਗੀ ਕੀਤੇ ਗਏ ਇੱਕ ਅਮਰੀਕੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਈਰਾਨ ਕਹਿੰਦਾ ਹੈ ਕਿ ਸਿਰਫ਼ ਜੰਗਬੰਦੀ ਨਾਕਾਫ਼ੀ ਹੈ; ਸਗੋਂ, ਸੰਘਰਸ਼ ਦਾ ਸਥਾਈ ਅੰਤ ਜ਼ਰੂਰੀ ਹੈ। ਇਸ ਤੋਂ ਇਲਾਵਾ ਇਸ ਨੇ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਦੇ ਦਬਾਅ ਨੂੰ ਨਕਾਰ ਦਿੱਤਾ ਹੈ। 28 ਫਰਵਰੀ ਨੂੰ ਅਮਰੀਕਾ ਅਤੇ ਇਜ਼ਰਾਈਲ ਦੇ ਹਮਲਿਆਂ ਤੋਂ ਬਾਅਦ ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬੰਦ ਕਰ ਦਿੱਤਾ ਸੀ। ਦੁਨੀਆ ਦੀ ਲਗਭਗ 20% ਤੇਲ ਸਪਲਾਈ ਇਸ ਜਲਮਾਰਗ ਰਾਹੀਂ ਹੁੰਦੀ ਹੈ। ਸ਼ਿਪਿੰਗ ਡੇਟਾ ਦੇ ਅਨੁਸਾਰ ਪਿਛਲੇ ਵੀਰਵਾਰ ਤੋਂ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਆਵਾਜਾਈ ਕਾਫ਼ੀ ਹੱਦ ਤੱਕ ਸੀਮਤ ਹੈ।

ਮੱਧ ਪੂਰਬ ਵਿਚ ਚੱਲ ਰਹੇ ਤਣਾਅ ਦਾ ਪ੍ਰਭਾਵ ਵਿਸ਼ਵ ਕੱਚੇ ਤੇਲ ਬਾਜ਼ਾਰ ਵਿਚ ਸਪੱਸ਼ਟ ਤੌਰ ਉਤੇ ਦਿਖਾਈ ਦੇ ਰਿਹਾ ਹੈ। ਸਪਲਾਈ ਵਿਚ ਵਿਘਨ ਦੇ ਕਾਰਨ ਏਸ਼ੀਆ ਅਤੇ ਯੂਰਪ ਵਿੱਚ ਰਿਫਾਇਨਰੀਆਂ ਵਿਕਲਪਕ ਤੇਲ ਸਰੋਤਾਂ ਨੂੰ ਸੁਰੱਖਿਅਤ ਕਰਨ ਲਈ ਸੰਘਰਸ਼ ਕਰ ਰਹੀਆਂ ਹਨ, ਜਿਸ ਨਾਲ ਯੂਐਸ ਡਬਲਯੂਟੀਆਈ ਕੱਚੇ ਤੇਲ ਲਈ ਸਪਾਟ ਪ੍ਰੀਮੀਅਮ ਰਿਕਾਰਡ-ਉੱਚ ਪੱਧਰ 'ਤੇ ਪਹੁੰਚ ਗਿਆ ਹੈ।ਵੱਖਰੇ ਤੌਰ ਉਤੇ, ਸਾਊਦੀ ਅਰਾਮਕੋ ਨੇ ਮਈ ਡਿਲੀਵਰੀ ਲਈ ਏਸ਼ੀਆ ਲਈ ਨਿਰਧਾਰਤ ਆਪਣੇ ਅਰਬ ਲਾਈਟ ਕੱਚੇ ਤੇਲ ਦੀ ਅਧਿਕਾਰਤ ਵਿਕਰੀ ਕੀਮਤ ਵਧਾ ਦਿੱਤੀ ਹੈ। ਇਹ ਹੁਣ ਓਮਾਨ/ਦੁਬਈ ਔਸਤ ਨਾਲੋਂ $19.50 ਪ੍ਰਤੀ ਬੈਰਲ ਦੇ ਰਿਕਾਰਡ ਪ੍ਰੀਮੀਅਮ ਉਤੇ ਸੈੱਟ ਕੀਤਾ ਗਿਆ ਹੈ।

LAMBA VIDEO
★ Weddings ★ Birthdays ★ Photo Shoots
HD Quality
Wedding Videos
Pre Wedding
Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# APCA
AMERICAN PETROLEUM AND CONVENIENCE STORE ASSOCIATION

INVITES YOU

**GOLF TOURNAMENT 2026**

## APRIL 8, 2026

CHARDONNAY GOLF CLUB
NAPA COUNTY, CA 94503

SUPPORTING NON-PROFIT

Children's Miracle Network Hospitals
Change Kids' Health. Change the Future.





## Followed by APCA's 12th Annual Trade Show

**APCA is a non-profit grassroots, membership based community organization providing representation for small to medium sized enterprises.**





**Thursday**
**April 9, 2026**

**12:30 pm - 5:30 pm**

Sunrise Banquet Hall & Events

620 Orange Drive
Vacaville, CA 95687

To register please

click link below.

Register »

www.apca.us

For more information please contact: kewal@apca.us


APCA
AMERICAN PETROLEUM AND CONVENIENCE STORE ASSOCIATION
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register


PROPANE
Coca-Cola
APCA
AMERICAN PETROLEUM AND CONVENIENCE STORE ASSOCIATION
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

ਸਾਂਝੀ ਸੋਚ
SANJHI SOCH

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਤਸ਼ੱਦਦ ਦੇ ਸਾਏ ਹੇਠ ਫ਼ੈਲ ਰਿਹਾ ਅਨੀਮੀਆ



SANJHI SOCH
ਗੁਰਮੀਤ ਸਿੰਘ ਪਲਾਹੀ
98158-02070

ਲੱਦਾਖ ਵਿੱਚ 92.8 ਫ਼ੀਸਦੀ ਔਰਤਾਂ ਅਨੀਮੀਆ (ਖ਼ੂਨ ਦੀ ਕਮੀ) ਨਾਲ ਜੂਝ ਰਹੀਆਂ ਹਨ। ਕੀ ਇਹ ਆਧੁਨਿਕ ਸਿਹਤ ਸੇਵਾਵਾਂ ਦੀ ਪਹੁੰਚ ਉੱਤੇ ਵੱਡਾ ਸਵਾਲੀਆ ਨਿਸ਼ਾਨ ਨਹੀਂ ਹੈ? ਰਤਾ ਕੁ ਅੰਕੜਿਆਂ ਉੱਤੇ ਝਾਤ ਮਾਰੀਏ ਤਾਂ ਵੇਖਣ ਨੂੰ ਮਿਲਦਾ ਹੈ ਕਿ ਪੱਛਮੀ ਬੰਗਾਲ ਵਿੱਚ 71.4 ਫ਼ੀਸਦੀ (ਜਿੱਥੇ ਇੱਕ ਔਰਤ ਵਰ੍ਹਿਆਂ ਤੋਂ ਮੁੱਖ ਮੰਤਰੀ ਹੈ), ਤ੍ਰਿਪੁਰਾ ਵਿੱਚ 67.2 ਫ਼ੀਸਦੀ, ਅਸਾਮ ਵਿੱਚ 65.9 ਫ਼ੀਸਦੀ, ਜੰਮੂ-ਕਸ਼ਮੀਰ ਵਿੱਚ 65.9 ਫ਼ੀਸਦੀ, ਪੰਜਾਬ ਵਿੱਚ 58.7 ਫ਼ੀਸਦੀ ਔਰਤਾਂ ਪੋਸ਼ਣ ਤੋਂ ਕੋਹਾਂ ਦੂਰ ਹਨ ਅਤੇ ਅਨੀਮੀਆ ਤੋਂ ਪ੍ਰਭਾਵਿਤ ਹਨ। ਆਜ਼ਾਦੀ ਦੇ ਲਗਭਗ ਅੱਠ ਦਹਾਕੇ ਬੀਤਣ ਅਤੇ ਸਿਹਤ ਯੋਜਨਾਵਾਂ ਉੱਤੇ ਭਾਰੀ ਬਜ਼ਟ ਰੱਖਣ ਦੇ ਬਾਵਜੂਦ ਕੀ ਇਸ ਗੰਭੀਰ ਅਤੇ ਕੌੜੀ ਸੱਚਾਈ ਤੋਂ ਮੂੰਹ ਮੋੜਿਆ ਜਾ ਸਕਦਾ ਹੈ? ਇੱਕ ਰਿਪੋਰਟ ਅਨੁਸਾਰ ਦੇਸ਼ ਵਿੱਚ 15 ਤੋਂ 49 ਸਾਲ ਦੀਆਂ ਔਰਤਾਂ ਵਿੱਚੋਂ ਅੱਧੀਆਂ ਤੋਂ ਵੱਧ (55.3 ਫ਼ੀਸਦੀ) ਇਸ ਰੋਗ ਤੋਂ ਪੀੜਤ ਹਨ।

ਪਿਛਲੇ ਦਿਨੀਂ 2016 ਤੋਂ 2026 ਦੇ ਅੰਕੜੇ ਸਿਹਤ ਰਿਪੋਰਟ ਸਬੰਧੀ ਸਾਹਮਣੇ ਆਏ ਹਨ, ਜਿਹੜੇ ਇਹ ਦਰਸਾਉਂਦੇ ਹਨ ਕਿ 20 ਵਰ੍ਹਿਆਂ ਵਿੱਚ ਕਈ ਅਹਿਮ ਸੂਬਿਆਂ ਵਿੱਚ ਔਰਤਾਂ ਵਿੱਚ ਅਨੀਮੀਆ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ। ਪੰਜਾਬ ਜਿਸਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ, ਉਸ ਵਿੱਚ ਔਰਤਾਂ 'ਚ ਅਨੀਮੀਆ ਰੋਗ 'ਚ ਪਿਛਲੇ 20 ਸਾਲਾਂ ਵਿੱਚ 54.4 ਫ਼ੀਸਦੀ ਦਾ ਉਛਾਲ ਆਇਆ। ਹਾਲਾਂਕਿ ਬਿਹਾਰ ਵਿੱਚ 5.7 ਫ਼ੀਸਦੀ ਔਰਤਾਂ 'ਚ ਅਨੀਮੀਆ ਰੋਗ 'ਚ ਸੁਧਾਰ ਵੇਖਿਆ ਗਿਆ, ਪਰ ਫਿਰ ਵੀ ਉੱਥੇ 63.5 ਫ਼ੀਸਦੀ ਔਰਤਾਂ ਖ਼ੂਨ ਦੀ ਕਮੀ ਦੇ ਰੋਗ ਨਾਲ ਲੜ ਰਹੀਆਂ ਹਨ। ਦਿੱਲੀ 'ਚ 12.6 ਫ਼ੀਸਦੀ, ਗੁਜਰਾਤ (65%) 17.5 ਫ਼ੀਸਦੀ, ਮਹਾਂਰਾਸ਼ਟਰ 'ਚ 11.9 ਫ਼ੀਸਦੀ ਦਾ ਵਾਧਾ ਵੇਖਿਆ ਗਿਆ ਹੈ।

ਇਹ ਰਿਪੋਰਟ ਆਖ਼ਰ ਕੀ ਸੰਕਤੇ ਦਿੰਦੀ ਹੈ? ਕੀ ਔਰਤਾਂ (ਜੋ ਦੇਸ਼ ਦੀ ਅੱਧੀ ਆਬਾਦੀ ਹਨ) ਪੋਸ਼ਣ ਸੰਕਟ ਵਿੱਚ ਨਹੀਂ ਹਨ? ਕੀ ਉਹਨਾਂ ਦੀ ਸਿਹਤ, ਆਧੁਨਿਕ ਭਾਰਤ ਵਿੱਚ ਸੁਰੱਖਿਅਤ ਹੈ? ਔਰਤ, ਜਿਸਨੂੰ ਬਚਪਨ ਤੋਂ ਹੀ ਹੋਰ ਸਮਾਜਿਕ ਔਖਿਆਈਆਂ ਵਿੱਚੋਂ ਦੀ ਲਗਾਤਾਰ ਲੰਘਣਾ ਪੈਂਦਾ ਹੈ, ਕੀ ਸਿਹਤ ਸਮੱਸਿਆਵਾਂ ਨਾਲ ਵੀ ਬੁਰੇ ਦਿਨ ਨਹੀਂ ਵੇਖ ਰਹੀਆਂ? ਇਹੋ ਜਿਹੇ ਹਾਲਾਤਾਂ ਵਿੱਚ ਕੀ ਉਹ ਮੌਜੂਦਾ ਹਾਕਮਾਂ ਵੱਲੋਂ ਵਿਖਾਏ ਜਾ ਰਹੇ ਉੱਜਲ ਭਵਿੱਖ ਦੇ "ਭਲੇ ਦਿਨਾਂ ਦੀ ਆਸ" ਕਰ ਸਕਦੀਆਂ ਹਨ?

ਕਿੰਨੀਆ ਹੀ ਸਮਾਜਿਕ ਬੁਰਾਈਆਂ ਹਨ, ਜਿਹਨਾਂ ਵਿੱਚ ਦੀ ਉਹਨਾਂ ਨੂੰ ਲੰਘਣਾ ਪੈਂਦਾ ਹੈ। ਬਾਲ ਵਿਆਹ ਵਰਗੀ ਕੁਰੀਤੀ, ਮਰਦ ਬਰਾਬਰ ਦੇ ਅਧਿਕਾਰਾਂ ਦੀ ਤਾਂਘ, ਮਰਦ ਸਮਾਜ ਵਿੱਚ ਮਰਦ ਦਾ ਰੰਘਰਊਪੁਣਾ ਅਤੇ ਇਸ ਤੋਂ ਵੀ ਅੱਗੇ ਆਰਥਿਕ ਤੌਰ 'ਤੇ ਮਰਦ ਉੱਤੇ ਨਿਰਭਰਤਾ ਅਤੇ ਫਿਰ ਘਰੇਲੂ ਤੱਸ਼ਦਦ, ਉਸਦੇ ਪੱਲੇ ਲਗਾਤਾਰ ਪੈਂਦਾ ਹੈ, ਜੋ ਉਸ ਦੀ ਸਿਹਤ ਲਈ ਘਾਤਕ ਸਿੱਧ ਹੁੰਦਾ ਹੈ। ਪ੍ਰਸੂਤਾ ਪੀੜ ਹੰਢਾਉਣੀ, ਖ਼ੁਰਾਕ ਦੀ ਕਮੀ, ਸਮਾਜਿਕ ਵਰਤਾਰੇ ਨਾਲ ਲਗਾਤਾਰ ਜੀਉਂਦੇ ਰਹਿਣਾ, ਉਸਦੀ ਸਿਹਤ ਵੀ ਵਿਗਾੜਦਾ ਹੈ ਅਤੇ ਉਸਦੇ ਪੱਲੇ ਉਮਰੋਂ ਪਹਿਲਾਂ ਮੌਤ ਵੀ ਪਾਉਂਦਾ ਹੈ।

ਦੰਗਿਆਂ 'ਚ ਸਭ ਤੋਂ ਵੱਧ ਪੀੜਾ ਕੌਣ ਹੰਢਾਉਂਦਾ ਹੈ, ਔਰਤ! ਸਰੀਰਕ ਉਤਪੀੜਨ ਕੌਣ ਸਹਿੰਦਾ ਹੈ, ਔਰਤ! ਜੰਗ 'ਚ ਸਭ ਤੋਂ ਵੱਧ ਕੌਣ ਪ੍ਰਭਾਵਤ ਹੁੰਦਾ ਹੈ, ਔਰਤ! ਤੇ ਕਿਸ ਦਾ ਲਹੂ ਇਹੋ ਜਿਹੀਆਂ ਪ੍ਰਸਥਿਤੀਆਂ 'ਚ ਵੱਧ ਡੁਲਦਾ ਹੈ, ਜਵਾਬ ਹੈ, ਔਰਤ ਦਾ! ਜਾਪਣ ਲਗਦਾ ਹੈ ਜਿਵੇਂ ਮਨੁੱਖ ਦਾ ਲਹੂ ਸਸਤਾ ਹੋ ਗਿਆ ਹੈ। ਮਨੁੱਖ ਦਾ ਲਹੂ ਰਿਸ਼ਤਿਆਂ ਨੂੰ ਭੁੱਲ, ਲਾਲ ਤੋਂ ਚਿੱਟਾ ਹੋ ਗਿਆ ਹੈ ਅਤੇ ਇਸ "ਚਿੱਟੇ ਲਹੂ" ਦੇ ਵਰਤਾਰੇ ਦਾ ਸੰਤਾਪ ਔਰਤ ਵੱਧ ਭੋਗਦੀ ਹੈ। ਉਸਦਾ ਤਨ, ਉਸਦਾ ਮਨ ਅਤੇ ਉਸਦੀ ਆਰਥਿਕ ਸਥਿਤੀ ਦਾਅ ਉੱਤੇ ਛੱਡ ਦਿੱਤੀ ਜਾਂਦੀ ਹੈ।

ਜਦੋਂ ਮਰਦ ਦਾ ਖ਼ੂਨ ਸਫ਼ੈਦ ਹੁੰਦਾ ਹੈ। ਉਹ ਰਿਸ਼ਤਿਆਂ ਨੂੰ ਤਾਰ-ਤਾਰ ਕਰਦਾ ਹੈ। ਘਰੇਲੂ ਹਿੰਸਾ ਇਹਨਾਂ ਰਿਸ਼ਤਿਆਂ ਵਿੱਚ ਦਰਾੜ ਦੀ ਉਪਜ ਹੈ। ਅਸਲ 'ਚ ਇਹ ਵਰਤਾਰਾ ਮਰਦ ਦੀ ਬੀਮਾਰ ਮਾਨਸਿਕਤਾ ਅਤੇ ਬੀਮਾਰ ਸਮਾਜਿਕ ਵਿਵਸਥਾ ਦਾ ਸੰਕੇਤ ਹੈ। ਜਦੋਂ ਸਮਾਜ 'ਚ ਲਹੂ ਸਫ਼ੈਦ ਹੁੰਦਾ ਹੈ, ਰਿਸ਼ਤੇ ਟੁੱਟਦੇ ਹਨ। ਦੇਸ਼ ਵਿੱਚ ਔਰਤਾਂ ਖਿਲਾਫ਼ ਅਪਰਾਧਾਂ 'ਚ ਵਾਧਾ ਖ਼ੂਨ ਦੀ ਕਮੀ ਜੇਹਾ ਹੀ ਵੱਧ ਰਿਹਾ ਹੈ। ਭਾਵੇਂ ਸੰਵਿਧਾਨ ਬਰਾਬਰੀ, ਲਿੰਗ ਦੇ ਅਧਾਰ ਉੱਤੇ ਭੇਦਭਾਵ ਨਾ ਕਰਨ ਅਤੇ ਜੀਵਨ ਅਤੇ ਅਜ਼ਾਦੀ ਦੇ ਅਧਿਕਾਰ ਦਾ ਵਾਇਦਾ ਕਰਦਾ ਹੈ, ਲੇਕਿਨ ਬਹੁ-ਗਿਣਤੀ ਔਰਤਾਂ ਨੂੰ ਇਹ ਅਧਿਕਾਰ ਪ੍ਰਾਪਤ ਨਹੀਂ ਹੁੰਦੇ ਦੇਸ਼ ਦੇ ਪੇਂਡੂ ਖਿੱਤੇ ਅਤੇ ਅਰਥ-ਸ਼ਹਿਰੀ ਖੇਤਰ ਵਿੱਚ ਔਰਤਾਂ ਦੀ ਭੈੜੀ ਹਾਲਾਤ, ਉਹਨਾਂ ਦੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਤ ਕਰ ਰਹੀ ਹੈ। ਸੰਤੁਲਿਤ ਭੋਜਨ ਦੀ ਕਮੀ, ਭੈੜੀਆਂ ਬੁਨਿਆਦੀ ਸਹੂਲਤਾਂ, ਸਿਹਤ ਵਿਵਸਥਾਵਾਂ ਦਾ ਨਾ ਹੋਣਾ ਉਹਨਾਂ ਪੱਲੇ ਨਰਕ ਜਿਹੀ ਜ਼ਿੰਦਗੀ ਪਾਉਂਦਾ ਹੈ। ਔਰਤਾਂ ਅੱਜ ਵੀ ਭੁੱਖਮਰੀ ਦਾ ਵੱਧ ਸ਼ਿਕਾਰ ਹਨ। ਅੱਜ ਵੀ ਉਹ ਭੈੜੇ ਕੌੜੇ ਬੋਲਾਂ ਨਾਲ, ਸਰੀਰਕ ਮਾਰ ਸਹਿੰਦੀਆਂ, ਮਾਨਸਿਕ ਪ੍ਰੇਸ਼ਾਨੀ ਦਾ ਸ਼ਿਕਾਰ ਬਣਦੀਆਂ ਹਨ।

ਸਮਾਜ ਦਾ ਕਮਜ਼ੋਰ ਅੰਗ, ਸਮਝਦਿਆਂ ਪਸ਼ੂ ਵਿਰਤੀ ਵਾਲੇ ਜਾਬਰ ਲੋਕ ਉਸਦਾ ਅੰਗ-ਅੰਗ ਨੋਚਦੇ ਹਨ। ਉਹਨਾਂ ਨੂੰ ਵੇਸ਼ਵਾ ਵਿਰਤੀ 'ਚ ਪਾਉਂਦੇ ਹਨ। ਵਪਾਰਕ, ਕਾਰਪੋਰੇਟੀ ਰੁਚੀਆਂ ਵਾਲੇ ਲੋਕ ਉਸਦੇ ਸਰੀਰ ਦਾ ਪ੍ਰਦਰਸ਼ਨ ਕਰਕੇ, ਵਪਾਰਕ ਲਾਹਾ ਲੈਂਦੇ ਹਨ।

ਇਥੇ ਹੀ ਬੱਸ ਨਹੀਂ ਉਹਨਾਂ ਦਾ ਮਾਨਸਿਕ ਸੋਸ਼ਣ ਕਰਦਿਆਂ, ਉਹਨਾਂ ਦੇ ਜੀਵਨ ਨੂੰ ਇਹੋ ਜਿਹੇ ਹਨ੍ਹੇਰੇ ਨਰਕ-ਕੁੰਭ 'ਚ ਧੱਕ ਦਿੰਦੇ ਹਨ, ਜਿਥੋਂ ਉਹਨਾਂ ਦਾ ਬਾਹਰ ਨਿਕਲਣਾ ਅਸੰਭਵ ਹੋ ਜਾਂਦਾ ਹੈ। ਅੱਜ ਵੀ ਪਤੀ ਦੇ ਮਰਨ ਉਪਰੰਤ " ਬੇਵਾ" ਕਹਾਉਂਦੀਆਂ ਔਰਤਾਂ, ਚਿੱਟੇ ਕੱਪੜੇ ਪਾਉਣ ਲਈ ਮਜ਼ਬੂਰ ਕਰ ਦਿੱਤੀਆਂ ਜਾਂਦੀਆਂ ਹਨ। ਅੱਜ ਵੀ ਮਰਦ ਪ੍ਰਧਾਨ ਸਮਾਜ ਵਿੱਚ ਉਹ ਬਿਰਧ ਅਵਸਥਾ 'ਚ ਮਰਨ ਤੋਂ ਪਹਿਲਾਂ ਸ਼ਮਸ਼ਾਨ ਘਾਟਾਂ ਦੇ ਚੌਗਿਰਦਿਆਂ 'ਚ ਮੌਤ ਦੀ ਘੜੀ ਉਡੀਕਦੀਆਂ ਹਨ। ਪੁੱਤਰ, ਧੀਆਂ, ਰਿਸ਼ਤੇਦਾਰ ਉਹਨਾਂ ਤੋਂ ਦੂਰੀ ਬਣਾਈ ਰੱਖਦੇ ਹਨ। ਪੱਛੜੇ ਖੇਤਰਾਂ 'ਚ ਔਰਤ ਚੁੜੇਲ ਤੱਕ ਬਣਾ ਦਿੱਤੀਆਂ ਜਾਂਦੀਆਂ ਹਨ। ਸਾਧਾਂ, ਬਾਬਿਆਂ ਦਾ ਸ਼ਿਕਾਰ ਔਰਤਾਂ ਗੁਲਾਮੀ ਦੀਆਂ ਬੇੜੀਆਂ 'ਚ ਬੱਝੀਆਂ ਨਰਕੀ ਜ਼ਿੰਦਗੀ ਜੀਊਣ ਲਈ ਮਜ਼ਬੂਰ ਕਰ ਦਿੱਤੀਆਂ ਜਾਂਦੀਆਂ ਹਨ। ਮਹਾਂਰਾਸ਼ਟਰ ਦੇ ਪੂਣੇ ਇਲਾਕੇ ਦੇ 45 ਸਾਲਾਂ ਸਾਧ ਬਾਬੇ ਅਸ਼ੋਕ ਕੁਮਾਰ ਖਾਰਾਤ ਉੱਤੇ ਜਬਰ-ਜਨਾਹ ਦੇ 11 ਪਰਚੇ ਦਰਜ਼ ਹਨ। ਇੰਤਹਾ ਦੇਖੋ ਦੇਸੀ ਐਪਸਟੀਨ ਦੇਸ਼ ਦੇ ਕੋਨੇ-ਕੋਨੇ ਫੈਲਿਆ ਹੈ ਅਤੇ ਜ਼ਿਆਦਾਤਾਰ ਇਸਦਾ ਲਾਹਾ ਸਿਆਸਤਦਾਨ ਲੈਂਦੇ ਹਨ। ਢੌਂਗੀ ਆਸਾ ਰਾਮ, ਇੱਕ ਉਦਹਾਰਨ ਹੈ। ਬਲਾਤਕਾਰੀ ਸਿਰਸੇ ਵਾਲੇ ਸਾਧ ਨੂੰ ਜੇਲ੍ਹੋਂ ਬਾਹਰ ਲਿਆਂਦਾ ਜਾਂਦਾ ਹੈ ਤੇ ਉਹ ਪ੍ਰੇਮੀਆਂ ਦੇ ਜ਼ੋਰ ਨਾਲ ਸਿਆਸਤ ਪਲਟ ਕੇ ਰੱਖ ਦਿੰਦਾ ਹੈ।

ਧਰਮ ਅਤੇ ਔਰਤਾਂ ਦੀ ਸਥਿਤੀ ਦਾ ਆਪਸ ਵਿੱਚ ਰਿਸ਼ਤਾ ਗੁੰਝਲਦਾਰ ਹੈ। ਦੁਨੀਆ ਦੇ ਲਗਭਗ ਸਾਰੇ ਪ੍ਰਮੁੱਖ ਧਰਮ ਰੂਹਾਨੀ ਤੌਰ 'ਤੇ ਮਰਦ 'ਤੇ ਔਰਤ ਨੂੰ ਬਰਾਬਰ ਮੰਨਦੇ ਹਨ, ਪਰ ਵਿਹਾਰਕ ਤੌਰ 'ਤੇ ਧਾਰਮਿਕ ਸੰਸਥਾਵਾਂ ਅਕਸਰ ਮਰਦ ਪ੍ਰਧਾਨ ਰਹੀਆਂ ਹਨ । ਕਈ ਵਾਰ ਧਰਮ ਦੀਆਂ ਰੂੜ੍ਹੀਵਾਦੀ ਵਿਆਖਿਆਵਾਂ ਔਰਤ ਦੀ ਆਜ਼ਾਦੀ, ਸਿੱਖਿਆ ਅਤੇ ਫ਼ੈਸਲੇ ਲੈਣ ਦੀ ਸ਼ਕਤੀ ਨੂੰ ਸੀਮਤ ਕਰ ਦਿੰਦੀਆਂ ਹਨ।

ਕਿਹਾ ਤਾਂ ਇਹ ਜਾਂਦਾ ਹੈ ਕਿ ਸਫ਼ਲ ਗ੍ਰਹਿਸਥੀ ਜੀਵਨ ਦੋ ਪਹੀਆਂ 'ਤੇ ਚੱਲਦਾ ਹੈ। ਹਰੇਕ ਧਰਮ ਵੀ ਇਸਦੀ ਵਿਆਖਿਆ ਇਵੇਂ ਹੀ ਕਰਦਾ ਹੈ। ਪਰ ਅਮਲ ਵੱਖਰੇ ਹਨ। ਦੁਨੀਆ ਦਾ ਕੋਈ ਵੀ ਧਰਮ ਮਰਦ ਦੇ ਬਰਾਬਰ ਔਰਤ ਨੂੰ ਆਜ਼ਾਦੀ ਨਹੀਂ ਦਿੰਦਾ। ਗਲੀਆਂ ਗਲਿਆਰਿਆਂ, ਘਰਾਂ-ਹਵੇਲੀਆਂ, ਬਜ਼ਾਰਾਂ, ਧਾਰਮਿਕ, ਸਿੱਖਿਆ ਸੰਸਥਾਵਾਂ 'ਤੇ ਔਰਤਾਂ ਨਾਲ ਵਿਤਕਰਿਆਂ ਦੀ ਲੰਮੀ ਕਹਾਣੀ ਹੈ। ਜਿਹੜੀ ਸਮਾਜੀ ਵਰਤਾਰਿਆਂ 'ਚ ਬੀਮਾਰ ਸੋਚ ਦੀ ਤਰਜ਼ਮਾਨੀ ਕਰਨ ਵਾਲੀ ਹੈ।

ਔਰਤਾਂ ਪ੍ਰਤੀ ਧਾਰਮਿਕ ਸੁਧਾਰ, ਜਾਇਦਾਦ ਦਾ ਅਧਿਕਾਰ, ਸਮਾਜਿਕ ਸਤਿਕਾਰ ਹਾਲੇ ਵੀ ਸਮਾਜ ਵਿੱਚ ਹਾਸ਼ੀਏ 'ਤੇ ਹਨ। ਧਰਮ ਅੱਜ ਵੀ ਸ਼ਕਤੀਕਰਨ ਦੀ ਥਾਂ ਵਧੇਰੇ ਸੋਸ਼ਣ ਦਾ ਜ਼ਰੀਆ ਬਣਾਇਆ ਜਾ ਚੁੱਕਾ ਹੈ। ਈਸਾਈ, ਜੈਨ, ਬੁੱਧ ਧਰਮਾਂ 'ਚ ਔਰਤਾਂ ਦੀ ਅਗਵਾਈ 'ਚ ਬੰਦਸ਼ਾਂ ਹਨ। ਹਿੰਦੂ ਧਰਮ 'ਚ ਤਾਂ ਔਰਤਾਂ ਨੂੰ ਮਤਾਹਿਤ ਦਾ ਦਰਜਾ ਦਿੱਤਾ ਜਾਂਦਾ ਹੈ, ਬਰਾਬਰੀ ਦਾ ਹੱਕ ਤਾਂ ਦੂਰ ਹੈ। ਸਿੱਖ ਧਰਮ ਔਰਤਾਂ ਦੀ ਬਰਾਬਰੀ ਦੀ ਗੱਲ ਤਾਂ ਜ਼ਰੂਰ ਕਰਦਾ ਹੈ। ਪਰ ਵਿਹਾਰਕ ਪੱਖੋਂ ਔਰਤ ਸਿੱਖ ਧਰਮ ਵਿੱਚ ਵੀ ਪੀੜਤ ਹੈ। ਇਸਲਾਮ ਔਰਤ ਲਈ ਬੁਰਕਾ ਅਤੇ ਮਰਦ ਵੱਲੋਂ ਵਧੇਰੇ ਔਰਤਾਂ ਨਾਲ ਵਿਆਹ ਪ੍ਰਥਾ ਕੀ ਦਰਸਾਉਂਦੀ ਹੈ? ਔਰਤ-ਮਰਦ ਦੀ ਰੂਹਾਨੀ ਬਰਾਬਰੀ, ਧਾਰਮਿਕ ਆਜ਼ਾਦੀ, ਸਮਾਜਿਕ ਸੁਧਾਰ ਕਹਿਣੀ ਤੇ ਕਥਨੀ ਦੌਰਾਨ ਵੱਡੇ ਪਾੜੇ 'ਚ ਹਨ। ਕਹਿਣ ਦੀਆਂ ਗੱਲਾਂ ਹੀ ਹਨ ਕਿ "ਮਾਂ ਦੇ ਪੈਰਾਂ 'ਚ ਜਨਤ ਹੁੰਦੀ ਹੈ"(ਇਸਲਾਮ) ਜਾਂ ਗੁਰੂ ਨਾਨਕ ਦੇਵ ਜੀ ਦੇ ਬਚਨ "ਸੋ ਕਿਉਂ ਮੰਦਾ ਆਖੀਐ ਜਿਤੁ ਜੰਮੈ ਰਾਜਾਨ।" ਪਰ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ।

ਵੈਸੇ ਤਾਂ ਦੁਨੀਆਂ ਭਰ ਵਿੱਚ ਹੀ, ਔਰਤ ਉਹ ਦਰਜਾ ਹਾਸਲ ਨਹੀਂ ਕਰ ਸਕੀ, ਜਿਸਦੀ ਉਹ ਹੱਕਦਾਰ ਹੈ। ਪਰ ਭਾਰਤ ਤਾਂ ਇਸ ਮਾਮਲੇ ਵਿੱਚ ਬਹੁਤ ਹੀ ਦਰਦਨਾਕ ਸਥਿਤੀ ਵਿੱਚ ਹੈ। ਕੁੱਲ 148 ਦੇਸ਼ਾਂ ਵਿੱਚੋਂ ਭਾਰਤ, ਵਿਸ਼ਵ ਜੈਂਡਰ ਰੈਕਿੰਗ ਵਿੱਚ 131 ਵੇਂ ਥਾਂ 'ਤੇ ਹੈ। ਉਸਦੀ ਇਹ ਸਥਿਤੀ ਉਸਦੀ ਆਰਥਿਕ ਭਾਗੀਦਾਰੀ, ਸਮਾਜਿਕ ਸਥਿਤੀ, ਉਸਦੀ ਸੁਰੱਖਿਆ, ਆਜ਼ਾਦੀ, ਸਿੱਖਿਆ ਅਤੇ ਸਿਹਤ 'ਤੇ ਹੈ। ਅਸਲ 'ਚ ਇੱਕ ਔਰਤ ਉੱਤੇ ਪਰਿਵਾਰਿਕ ਅਤੇ ਸਮਾਜਿਕ ਰੀਤੀ-ਰਿਵਾਜਾਂ ਦਾ ਦਬਾਅ ਇੰਨਾ ਜ਼ਿਆਦਾ ਹੈ, ਕਿ ਆਪਣਾ ਚਿਹਰਾ-ਮੋਹਰਾ ਨਿਖਾਰਨ 'ਚ ਉਹ ਨਾ-ਕਾਮਯਾਬ ਤਾਂ ਰਹਿੰਦੀ ਹੀ ਹੈ, ਨਿੱਜੀ ਫ਼ੈਸਲੇ ਲੈਣ ਦੀ ਵਧੇਰੇ ਖੁੱਲ੍ਹ ਵੀ ਉਸਦੇ ਲਈ ਅੱਗੇ ਵੱਧਣ 'ਚ ਵੱਡੀ ਰੁਕਾਵਟ ਹੈ।

ਔਰਤਾਂ ਨਾਲ ਹੁੰਦੀ ਬੇਇਨਸਾਫ਼ੀ ਦੀ ਦਾਸਤਾਨ ਅੱਜ ਵੀ ਉਤਨੀ ਹੀ ਵੱਡੀ ਅਤੇ ਭਿਅੰਕਰ ਦਿਸਦੀ ਹੈ, ਜਿੱਡੀ ਸਦੀਆਂ ਪਹਿਲਾਂ ਸੀ। ਉਸਦੇ ਪੈਰਾਂ 'ਚ ਪਾਈਆਂ ਬੇੜੀਆਂ, ਉਸਦੇ ਬੋਲਾਂ 'ਤੇ ਲਾਏ ਜੰਦਰੇ, ਅੱਜ ਵੀ ਉਸਨੂੰ ਸਮਾਜ 'ਚ ਆਜ਼ਾਦ ਵਿਚਰਨ 'ਚ ਵੱਡੀ ਰੁਕਾਵਟ ਹਨ। ਉਹ ਰੁਕਾਵਟ ਪਾਰ ਕਰਨ ਲਈ ਭਾਵੇਂ ਸੰਘਰਸ਼ਸ਼ੀਲ ਹੈ, ਪਰ ਵੱਡੀ ਸਮਾਜਿਕ ਜਕੜ ਲਗਾਤਾਰ ਉਸਨੂੰ ਅੱਗੇ ਵੱਧਣ ਤੋਂ ਰੋਕ ਰਹੀ ਹੈ।

ਭਾਰਤੀ ਸਮਾਜ 'ਚ ਔਰਤਾਂ ਨੂੰ ਘਰੇਲੂ ਕੰਮਾਂ ਤੱਕ ਸੀਮਤ ਰੱਖਣ ਦੀ ਰਿਵਾਇਤ, ਕਾਨੂੰਨੀ ਜਾਗਰੂਕਤਾ ਦੀ ਕਮੀ, ਰਾਜਨੀਤਿਕ ਹਿੱਸੇਦਾਰੀ 'ਚ ਘਾਟ, ਆਰਥਿਕ ਪੱਖੋਂ ਕਮਜ਼ੋਰੀ, ਉਸਨੂੰ ਅੱਗੇ ਵਧਣੋਂ ਰੋਕ ਰਹੀ ਹੈ। ਸਿਰਫ਼ ਆਤਮ ਵਿਸ਼ਵਾਸ਼, ਆਰਥਿਕ ਮਜ਼ਬੂਤੀ ਅਤੇ ਨਿਡਰ ਸੋਚ ਨਾਲ ਹੀ ਉਹ ਅੱਗੇ ਵੱਧਕੇ ਕੁਝ ਹਾਸਲ ਕਰਨ ਦੇ ਯੋਗ ਹੋ ਸਕੇਗੀ, ਅਤੇ ਉਹ ਸਭ ਕੁੱਝ ਬਦਲ ਸਕੇਗੀ, ਜੋ ਸਮਾਜ 'ਚ ਪੈਦਾ ਹੋਏ ਲਹੂ ਦੇ ਲਾਲ ਕਣਾਂ ਨੂੰ ਸਫ਼ੈਦੀ 'ਚ ਬਦਲ ਕੇ ਉਸਦਾ ਜੀਵਨ ਜੀਉਣ ਯੋਗ ਨਹੀਂ ਰਹਿਣ ਦੇ ਰਹੇ।

Information in Public Interest

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.





**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜ਼ਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**



# NAV INDIAN MERCHANDISE GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA ਪੈਸੇ ਭੇਜਣ ਲਈ**

**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

**+1 (209) 537-5702**


CENTRAL VALLEY
FIRST.
VIN
KRUTTIVENTI
FOR CONGRESS
★ WIN ★
WITH VIN
ਮੇਰਾ ਨਾਂ ਵਿਨ ਕਰੁੱਤੀਵੈਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.
ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।
ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:
★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ
ਸੈਕਰਾਮੈਂਟੋ ਦੀਆਂ ਗੈਰੀਮੈਂਡਰਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।
VIN
KRUTTIVENTI
FOR CONGRESS
COMMON SENSE.
AFFORDABLE LIVING.
SAFE COMMUNITIES.
ACCOUNTABILITY.
Businessman. Job Creator. Proven Leader.
LEARN MORE AT
VIN4CONGRESS.COM
com/vin4congress
@vin4congress
PAID FOR BY VIN KRUTTIVENTI FOR CONGRESS CA-13

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਿਚ ਭਾਰਤੀ ਰੀਅਲ ਅਸਟੇਟ ਵੱਿਚ **$13 ਬਲਿੀਅਨ** ਲਗਾਏ—ਕਉਿਂਕਿ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਿਚ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਆਿਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਯਿਮਤਿ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਅਿਤ ਨਵਿੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ

**2020 ਚੰਡੀਗੜ੍ਹ:**
4 ਸਾਲਾਂ ਵਿੱਚ ਦੁੱਗਣਾ ਵਾਧਾ

**2022 ਪੁਣੇ:**
2 ਸਾਲਾਂ ਵਿੱਚ 58% ਵਾਧਾ

ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!
**Call : +91 73038-88722**
**Subhiney Chabra : +91 97802-06080**

Let's Start!

ਤੁਸੀ ਅਮਰੀਕਾ ਵੱਿਚ । ਤੁਹਾਡੀ ਜਾਇਦਾਦ ਭਾਰਤ ਵੱਿਚ ।
ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਵਿਸਾਖੀ ਮੌਕੇ ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ 15 ਅਪ੍ਰੈਲ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਉਣ ਦਾ ਇਤਿਹਾਸਕ ਉਪਰਾਲਾ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਗੁਰਦੁਆਰਾ ਸਿੰਘ ਸਭਾ ਫਰਿਜਨੋ ਵਿਖੇ ਵਿਸਾਖੀ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਇੱਕੋ ਮੰਚ 'ਤੇ ਜੋੜਦਿਆਂ ਕਰਵਾਏ ਗਏ ਤਿੰਨ ਰੋਜ਼ਾ ਧਾਰਮਿਕ ਸਮਾਗਮ ਨੇ ਇਤਿਹਾਸਕ ਰੂਪ ਧਾਰਨ ਕਰ ਲਿਆ। ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਵਿਸ਼ੇਸ਼ ਉਪਰਾਲੇ ਸਦਕਾ ਇਹ ਸੰਭਾਵਿਤ: ਅਮਰੀਕਾ ਦਾ ਪਹਿਲਾ ਗੁਰੂ ਘਰ ਬਣ ਗਿਆ, ਜਿੱਥੇ ਵਿਸਾਖੀ ਦੇ ਨਾਲ ਗੁਰੂ ਨਾਨਕ ਦੇਵ ਜੀ ਦਾ ਅਸਲੀ ਜਨਮ ਦਿਹਾੜਾ 15 ਅਪ੍ਰੈਲ ਨੂੰ ਮੁੱਖ ਰੱਖ ਕੇ ਮਨਾਇਆ ਗਿਆ।

ਅੱਜ ਦੇ ਮੁੱਖ ਦੀਵਾਨ ਵਿੱਚ ਪ੍ਰਸਿੱਧ ਵਿਦਵਾਨ ਪ੍ਰੋ. ਸਰਬਜੀਤ ਸਿੰਘ ਧੂੰਦਾ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਸਬੰਧੀ ਚੱਲ ਰਹੀ ਲੰਬੀ ਚਰਚਾ 'ਤੇ ਗੁਰਮਤਿ, ਇਤਿਹਾਸ ਅਤੇ ਤਰਕ ਦੇ ਆਧਾਰ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਪ੍ਰਚੱਲਿਤ ਮਨਘੜਤ "ਭਾਈ ਬਾਲੇ ਵਾਲੀ ਸਾਖੀ" ਨੂੰ ਅਧਾਰ ਬਣਾ ਕੇ ਦਿੱਤੀਆਂ ਜਾਂਦੀਆਂ ਦਲੀਲਾਂ ਦੀ ਵੀ ਖੁਲ੍ਹਕੇ ਵਿਆਖਿਆ ਕੀਤੀ ਅਤੇ ਸਮਝਾਇਆ ਕਿ ਇਤਿਹਾਸਕ ਅਤੇ ਤਰਕਸੰਗਤ ਪੱਖੋਂ ਗੁਰੂ ਨਾਨਕ ਦੇਵ ਜੀ ਦਾ ਅਸਲੀ ਪ੍ਰਕਾਸ਼ ਦਿਹਾੜਾ 15 ਅਪ੍ਰੈਲ ਹੀ ਬਣਦਾ ਹੈ। ਉਨ੍ਹਾਂ ਕਿਹਾ ਕਿ ਨਵੰਬਰ ਵਿੱਚ ਮਨਾਇਆ ਜਾਣ ਵਾਲਾ ਦਿਹਾੜਾ ਬਾਅਦ ਦੀਆਂ ਵਿਪਰੀਤ ਪਰੰਪਰਾਵਾਂ ਰਾਹੀਂ ਸਿੱਖਾਂ 'ਤੇ ਥੋਪਿਆ ਗਿਆ। ਕੁਝ ਨਾਨਕਸ਼ਾਹੀ ਕੈਲੰਡਰ ਪਰੰਪਰਾਵਾਂ ਵਿੱਚ ਵੀ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ 14-15 ਅਪ੍ਰੈਲ ਦੇ ਆਸਪਾਸ ਦਰਸਾਇਆ ਜਾਂਦਾ ਹੈ।

ਪ੍ਰੋ. ਧੂੰਦਾ ਨੇ ਇਹ ਵੀ ਜ਼ੋਰ ਨਾਲ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਨਾਨਕਸ਼ਾਹੀ ਕੈਲੰਡਰ ਦੀ ਮੂਲ ਸੋਚ ਅਨੁਸਾਰ ਵੀ ਇਹ ਦਿਹਾੜਾ ਅਪ੍ਰੈਲ ਨਾਲ ਸੰਬੰਧਿਤ ਹੈ, ਅਤੇ ਜੇਕਰ ਆਮ ਤੌਰ 'ਤੇ ਆਨਲਾਈਨ ਜਾਂ ਕੈਲੰਡਰ ਸਰੋਤ ਵੇਖੇ ਜਾਣ ਤਾਂ ਵੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਇਤਿਹਾਸਕ ਤਾਰੀਖ 15 ਅਪ੍ਰੈਲ 1469 ਹੀ ਦਰਸਾਈ ਜਾਂਦੀ ਹੈ। ਦੀਵਾਨ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਕਿ ਤਿੱਲ ਸੁੱਟਣ ਜਿੰਨੀ ਵੀ ਜਗ੍ਹਾ ਨਹੀਂ ਬਚੀ ਸੀ। ਤਰ੍ਹਾਂ-ਤਰ੍ਹਾਂ ਦੇ ਲੰਗਰ, ਗੰਨੇ ਦਾ ਰਸ, ਜਲੇਬੀਆਂ, ਖ਼ਰੀਦੋ-ਫ਼ਰੋਖ਼ਤ ਦੇ ਸਟਾਲ, ਦਸਤਾਰਾਂ ਅਤੇ ਦੁਪੱਟਿਆਂ ਦੀਆਂ ਦੁਕਾਨਾਂ ਨੇ ਮਾਹੌਲ ਨੂੰ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦਾ ਰੂਪ ਦੇ ਦਿੱਤਾ। ਇਸਦੇ ਨਾਲ ਅਵਤਾਰ ਸਿੰਘ ਮਿਸ਼ਨਰੀ ਵੱਲੋਂ ਲਾਇਆ ਗਿਆ ਕਿਤਾਬਾਂ ਦਾ ਸਟਾਲ ਵੀ ਖਾਸ ਆਕਰਸ਼ਣ ਰਿਹਾ।



ਇਸ ਮੌਕੇ ਭਾਈ ਸਾਹਿਬ ਡਾ. ਮਲਕੀਤ ਸਿੰਘ ਦੇ ਹਜ਼ੂਰੀ ਜਥੇ ਨੇ ਰਸਭਿੰਨਾ ਕੀਰਤਨ ਕਰਕੇ ਹਾਜ਼ਰੀ ਭਰੀ। ਗੁਰੂ ਘਰ ਦੇ ਮੁੱਖ ਸੇਵਾਦਾਰ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਸੰਗਤ ਨੂੰ ਸੰਬੋਧਨ ਕੀਤਾ। ਪੀਸੀਏ ਮੈਂਬਰ ਸੁਖਬੀਰ ਸਿੰਘ ਭੰਡਾਲ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਇਸ ਇਤਿਹਾਸਕ ਉਪਰਾਲੇ ਨੂੰ ਸੰਗਤ ਵੱਲੋਂ ਮਿਲੇ ਭਰਪੂਰ ਸਹਿਯੋਗ ਦੀ ਪ੍ਰਸ਼ੰਸਾ ਕੀਤੀ। ਗੁਰਦੁਆਰਾ ਸਾਹਿਬ ਦੀ ਗਰਾਊਂਡ ਵਿੱਚ ਬੱਚਿਆਂ, ਔਰਤਾਂ ਅਤੇ ਮਰਦਾਂ ਦੀਆਂ ਰਵਾਇਤੀ ਖੇਡਾਂ ਵੀ ਕਰਵਾਈਆਂ ਗਈਆਂ। ਖੇਡ ਮੇਲੇ ਦੌਰਾਨ ਸਟੇਜ ਸੰਚਾਲਨ ਜੱਸੀ ਸਰਾਏ ਨੇ ਬੜੇ ਸੁਚੱਜੇ ਢੰਗ ਨਾਲ ਕੀਤਾ, ਜਦਕਿ ਜੰਗੀਰ ਸਿੰਘ ਗਿੱਲ ਅਤੇ ਹਾਕਮ ਸਿੰਘ ਢਿੱਲੋਂ ਸਮੇਤ ਹੋਰ ਸੱਜਣਾਂ ਨੇ ਵੀ ਵਧੀਆ ਭੂਮਿਕਾ ਨਿਭਾਈ।

ਇਸ ਮੌਕੇ ਕੈਲੀਫੋਰਨੀਆ ਸੈਨੇਟ ਲਈ ਚੋਣ ਲੜ ਰਹੀਮਨਪ੍ਰੀਤ ਕੌਰ ਨੇ ਵੀ ਸੰਗਤ ਨੂੰ ਸੰਬੋਧਨ ਕੀਤਾ। ਫਰਿਜਨੋ ਸਿਟੀ ਲਈ ਰਨ ਕਰ ਰਹੇ ਨਨਦੀਪ ਸਿੰਘ ਚੰਨ ਵੀ ਸੰਗਤ ਨਾਲ ਮਿਲਦੇ-ਜੁਲਦੇ ਨਜ਼ਰ ਪਏ। ਅੰਤ ਵਿੱਚ ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਪੂਰੇ ਸਮਾਗਮ ਦੀ ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ ਦਾ ਕੰਮ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਂਡਸਾ ਅਤੇ ਸਿੰਘ ਵੀਡੀਓ ਫਰਿਜਨੋ ਵੱਲੋਂ ਬਾਖੂਬੀ ਨਿਭਾਇਆ ਗਿਆ।

## ਅਮਰੀਕੀ ਪ੍ਰਸ਼ਾਸਨ 'ਚ ਹੋ ਰਿਹਾ ਵੱਡਾ ਫੇਰਬਦਲ! ਤੁਲਸੀ ਗਬਾਰਡ ਅਤੇ ਲੁਟਨਿਕ 'ਤੇ ਲਟਕੀ ਤਲਵਾਰ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਜ਼ਰਾਈਲ ਨਾਲ ਮਿਲ ਕੇ ਇਰਾਨ 'ਤੇ ਹਮਲਾ ਤਾਂ ਕਰ ਦਿੱਤਾ ਪਰ ਮੁਲਕ 'ਚ ਉਨ੍ਹਾਂ ਨੂੰ ਜੰਗ ਲਈ ਢੁੱਕਵੀਂ ਹਮਾਇਤ ਨਹੀਂ ਮਿਲ ਰਹੀ। ਇਸ ਤੋਂ ਖਿਝ ਕੇ ਟਰੰਪ ਆਪਣੇ ਨੇੜਲੇ ਸਹਿਯੋਗੀਆਂ ਨੂੰ ਅਹੁਦਿਆਂ ਤੋਂ ਹਟਾ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਲੋਕਾਂ 'ਚ ਵੀ ਉਨ੍ਹਾਂ ਦੀ ਮਕਬੂਲੀਅਤ ਲਗਾਤਾਰ ਘੱਟ ਰਹੀ ਹੈ। ਅਟਾਰਨੀ ਜਨਰਲ ਪੈਮ ਬੋਂਡੀ ਨੂੰ ਹਟਾਉਣ ਮਗਰੋਂ ਕੌਮੀ ਇੰਟੈਲੀਜੈਂਸ ਦੀ ਡਾਇਰੈਕਟਰ ਤੁਲਸੀ ਗਬਾਰਡ ਅਤੇ ਵਣਜ ਮਾਮਲਿਆਂ ਬਾਰੇ ਮੰਤਰੀ ਹਾਵਰਡ ਲੁਟਨਿਕ ਦੇ ਅਹੁਦਿਆਂ 'ਤੇ ਵੀ ਤਲਵਾਰ ਲਟਕ ਗਈ ਹੈ। ਟਰੰਪ ਦੀ ਰੇਟਿੰਗ 'ਚ ਲਗਾਤਾਰ ਗਿਰਾਵਟ



ਦਰਜ ਹੋ ਰਹੀ ਹੈ ਅਤੇ ਨਵੰਬਰ 'ਚ ਹੋਣ ਵਾਲੀਆਂ ਚੋਣਾਂ ਦਾ ਦਬਾਅ ਰਿਪਬਲਿਕਨ ਆਗੂਆਂ 'ਤੇ ਪੈ ਰਿਹਾ ਹੈ। ਕੁਝ ਭਾਈਵਾਲਾਂ ਨੇ ਕਿਹਾ ਕਿ ਟਰੰਪ ਵੱਲੋਂ ਰਾਸ਼ਟਰ ਦੇ ਨਾਮ ਦਿੱਤੇ ਸੁਨੇਹੇ 'ਚ ਇਰਾਨ ਜੰਗ 'ਤੇ ਕੰਟਰੋਲ ਹੋਣ ਦਾ ਦਾਅਵਾ ਕੀਤਾ ਗਿਆ ਪਰ ਉਨ੍ਹਾਂ ਦੀ ਇਸ ਕੋਸ਼ਿਸ਼ ਨੂੰ ਬੂਰ ਨਹੀਂ ਪਿਆ। ਤਾਜ਼ਾ ਸਰਵੇਖਣ 'ਚ ਸਿਰਫ਼ 36 ਫ਼ੀਸਦੀ ਅਮਰੀਕੀਆਂ ਨੇ ਟਰੰਪ ਦੀ ਕਾਰਗੁਜ਼ਾਰੀ ਨੂੰ ਵਧੀਆ ਦੱਸਿਆ, ਜੋ ਉਨ੍ਹਾਂ ਦੇ ਮੌਜੂਦਾ ਕਾਰਜਕਾਲ 'ਚ ਸਭ ਤੋਂ ਘੱਟ ਹੈ। ਅਮਰੀਕਾ ਅਤੇ ਇਜ਼ਰਾਈਲ ਵੱਲੋਂ ਇਰਾਨ ਨਾਲ ਜੰਗ ਛੇੜਨ ਦੇ ਫ਼ੈਸਲੇ ਨੂੰ 60 ਫ਼ੀਸਦੀ ਲੋਕਾਂ ਨੇ ਨਕਾਰ ਦਿੱਤਾ, ਜੋ ਟਰੰਪ ਲਈ ਵੱਡਾ ਝਟਕਾ ਹੈ। ਟਰੰਪ ਇਸ ਗੱਲੋਂ ਵੀ ਨਾਰਾਜ਼ ਹਨ ਕਿ ਮੀਡੀਆ ਇਰਾਨ ਜੰਗ ਦੀ ਢੁੱਕਵੀਂ ਕਵਰੇਜ ਨਹੀਂ ਕਰ ਰਿਹਾ। ਤੁਲਸੀ ਗਬਾਰਡ ਵਿਦੇਸ਼ 'ਚ ਅਮਰੀਕੀ ਫ਼ੌਜੀ ਕਾਰਵਾਈਆਂ ਦੀ ਆਲੋਚਨਾ ਕਰਦੀ ਆ ਰਹੀ ਹੈ। ਉਨ੍ਹਾਂ ਬੀਤੇ ਸਾਲ ਜੂਨ 'ਚ ਵੀਡੀਓ ਜਾਰੀ ਕਰਕੇ ਜੰਗ ਦੀ ਵਕਾਲਤ ਕਰਨ ਵਾਲੇ ਸਿਆਸੀ ਆਗੂਆਂ ਦੀ ਲਾਹ-ਪਾਹ ਕੀਤੀ ਸੀ, ਜਿਸ ਕਾਰਨ ਵ੍ਹਾਈਟ ਹਾਊਸ ਖ਼ਫ਼ਾ ਹੋ ਗਿਆ ਸੀ।

## ਸ਼੍ਰੋਮਣੀ ਕਮੇਟੀ ਵੱਲੋਂ 10 ਅਪ੍ਰੈਲ ਨੂੰ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ ਦੀ ਤਿਆਰੀ

ਅੰਮ੍ਰਿਤਸਰ
ਧੈਰਿਆ ਮਹਿਰਾ

ਖ਼ਾਲਸਾ ਸਾਜਨਾ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਵਾਸਤੇ ਸਿੱਖ ਸ਼ਰਧਾਲੂਆਂ ਦਾ ਜਥਾ 10 ਅਪ੍ਰੈਲ ਨੂੰ ਪਾਕਿਸਤਾਨ ਭੇਜਣ ਦੀ ਤਿਆਰੀ ਕਰ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਨੇ ਦੱਸਿਆ ਕਿ ਖ਼ਾਲਸਾ ਸਾਜਨਾ ਦਿਵਸ ਮਨਾਉਣ ਉਪਰੰਤ ਇਹ ਸ਼ਰਧਾਲੂ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰ ਕੇ 19 ਅਪ੍ਰੈਲ ਨੂੰ ਵਾਪਸ ਆਉਣਗੇ। ਹੁਣ ਤੱਕ ਭਾਵੇਂ ਪਾਕਿਸਤਾਨੀ ਸਫ਼ਾਰਤਖਾਨੇ ਵੱਲੋਂ ਵੀਜ਼ੇ ਜਾਰੀ ਨਹੀਂ ਕੀਤੇ ਗਏ ਹਨ॥

ਪਰ ਇਸ ਸਬੰਧ ਵਿਚ ਪਾਕਿਸਤਾਨ ਸਰਕਾਰ ਨੇ ਸਿੱਖ ਸ਼ਰਧਾਲੂਆਂ ਦੀ ਆਮਦ ਸਬੰਧੀ ਇੱਕ ਪ੍ਰੋਗਰਾਮ ਜਾਰੀ ਕੀਤਾ ਹੈ। ਇਸ ਤਹਿਤ ਸਿੱਖ ਸ਼ਰਧਾਲੂਆਂ ਦਾ ਜਥਾ 10 ਅਪ੍ਰੈਲ ਨੂੰ ਅੰਮ੍ਰਿਤਸਰ ਤੋਂ ਅਟਾਰੀ ਵਾਹਗਾ ਸਰਹੱਦ ਰਸਤੇ ਪਾਕਿਸਤਾਨ ਵਾਸਤੇ ਰਵਾਨਾ ਹੋਵੇਗਾ। ਖ਼ਾਲਸਾ ਸਾਜਨਾ ਦਿਵਸ ਮੌਕੇ ਲਗਪਗ 3000 ਸਿੱਖ ਸ਼ਰਧਾਲੂਆਂ ਦਾ ਜਥਾ ਹਰ ਸਾਲ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਵਾਸਤੇ ਜਾਂਦਾ ਹੈ।

ਦੱਸਣਯੋਗ ਹੈ ਕਿ ਕਸ਼ਮੀਰ ਵਿਚ ਭਾਰਤੀ ਯਾਤਰੀਆਂ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਇਸ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ ਅਤੇ ਪਾਕਿਸਤਾਨ ਨਾਲ ਸਾਰੇ ਸਬੰਧ ਤੋੜ ਲਏ ਗਏ ਸਨ। ਇਸ ਤਹਿਤ ਆਵਾਜਾਈ ਅਤੇ ਦੁਵੱਲਾ ਵਪਾਰ ਵੀ ਬੰਦ ਹੋ ਗਏ ਸਨ। ਇਸ ਦੌਰਾਨ ਪਿਛਲੇ ਵਰ੍ਹੇ 2025 ਵਿਚ ਸਿੱਖ ਸ਼ਰਧਾਲੂਆਂ ਦੀ ਮੰਗ 'ਤੇ ਭਾਰਤ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣ ਦੀ ਆਗਿਆ ਦਿੱਤੀ ਸੀ।

ਹੁਣ ਖ਼ਾਲਸਾ ਸਾਜਨਾ ਦਿਵਸ ਮੌਕੇ 13 ਅਪ੍ਰੈਲ ਨੂੰ ਵਿਸਾਖੀ ਮਨਾਉਣ ਲਈ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨਿਰਧਾਰਤ ਨਿਯਮਾਂ ਮੁਤਾਬਕ ਹੀ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜ ਰਹੀ ਹੈ।




ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਵਿਸਾਖੀ ਦੇ ਪਾਵਨ ਮੌਕੇ 'ਤੇ ਵਿਸ਼ਾਲ ਗੁਰਮਤਿ ਸਮਾਗਮ
ਗੁਰਦੁਆਰਾ ਗੁਰਮਤਿ ਪ੍ਰਕਾਸ਼
ਦਮਦਮੀ ਟਕਸਾਲ
ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ 'ਚ
ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵਾਲਿਆਂ ਦੇ ਯਾਦਗਾਰੀ ਅਸਥਾਨ 'ਤੇ
ਵਿਸਾਖੀ ਦੇ ਪਾਵਨ ਮੌਕੇ 'ਤੇ 1 ਤੋਂ 14 ਅਪ੍ਰੈਲ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।
ਖਾਸ ਹਾਜ਼ਰੀਆਂ :
1 ਅਪ੍ਰੈਲ – 9 ਅਪ੍ਰੈਲ
ਢਾਡੀ ਜਥਾ
ਭਾਈ ਅਮਰਜੀਤ ਸਿੰਘ ਜੀ ਜੋਹਲ (ਬਿਧੀਪੁਰ)
10 ਅਪ੍ਰੈਲ – 14 ਅਪ੍ਰੈਲ
ਢਾਡੀ ਜਥਾ
ਭਾਈ ਤਰਸੇਮ ਸਿੰਘ ਜੀ ਮੋਰਾਂਵਾਲੀ
14 ਅਪ੍ਰੈਲ
ਰਾਗੀ ਜਥਾ
ਭਾਈ ਆਤਮਜੋਤ ਸਿੰਘ ਜੀ (ਯੂਬਾ ਸਿਟੀ) ਵਾਲੇ
ਅੰਮ੍ਰਿਤ ਸੰਚਾਰ 12 ਅਪ੍ਰੈਲ ਦੁਪਹਿਰ 2 ਵਜੇ
ਸੰਗਤਾਂ ਲਈ ਲੰਗਰ ਦੇ ਬਿਅੰਤ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।
ਹੈਡ ਗ੍ਰੰਥੀ: ਬਾਬਾ ਜੋਗਿੰਦਰ ਸਿੰਘ ਜੀ 209-445-5972 | ਪ੍ਰਧਾਨ: ਭਾਈ ਜਰਨੈਲ ਸਿੰਘ ਜੀ 209-321-1733
2050 W. Woodward Ave, Manteca, CA 95337

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥



# ਕੈਲੀਫੋਰਨੀਆ ਦੀ ਧਰਤੀ 'ਤੇ ਪਹਿਲੀ ਵਾਰ

ਸੈਕਰਾਮੈਂਟੋ ਦੇ ਕੈਪੀਟਲ ਗਰਾਉਂਡ 'ਚ ਬੜੀ ਸ਼ਰਧਾ, ਭਾਵਨਾ ਤੇ ਧੂਮਧਾਮ ਨਾਲ ਸਿੱਖ ਪੰਥ ਵੱਲੋਂ

# ਖਾਲਸਾ ਸਾਜਨਾ ਦਿਵਸ 2026

ਸ਼ਾਨੋ-ਸ਼ੋਕਤ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।

## ਇਹ ਸਿਰਫ਼ ਇੱਕ ਸਮਾਗਮ ਨਹੀਂ...



ਇਹ ਸਾਡੀ ਪਛਾਣ, ਸਾਡੀ ਏਕਤਾ ਤੇ ਸਾਡੀ ਵਿਰਾਸਤ ਦਾ ਪ੍ਰਤੀਕ ਹੈ।

ਮਿਤੀ: 18 ਅਪ੍ਰੈਲ 2026, ਸ਼ਨੀਵਾਰ

ਸਮਾਂ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ

ਸਾਰੀ ਸੰਗਤ ਨੂੰ State Capital of California, Sacramento 'ਚ ਪਹੁੰਚਣ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।

**ਆਓ, ਇਸ ਇਤਿਹਾਸਿਕ ਦਿਹਾੜੇ ਨੂੰ ਮਿਲ ਕੇ ਮਨਾਈਏ...**

ਕੀਰਤਨ, ਅਰਦਾਸ ਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੀਵਨ ਨੂੰ ਨਿਹਾਲ ਕਰੀਏ।
ਅਮਰੀਕਨ ਭਾਈਚਾਰੇ ਨਾਲ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਸਾਂਝੀਆਂ ਕਰੀਏ।

**ਗੁਰੂ ਕੇ ਲੰਗਰ ਦੀ ਸੇਵਾ :**
ਸਮੂਹ ਮਹਿੰਦਰ ਸਿੰਘ ਢੰਡਾ ਪਰਿਵਾਰ,
ਸਮੂਹ ਮਲਕੀਤ ਸਿੰਘ ਜੌਹਲ ਪਰਿਵਾਰ,
ਸਮੂਹ ਨੌਜਵਾਨ ਵੀਰ (ਕਰਨਾਲ)

**ਸੰਗਤ ਦੀ ਸਹੂਲਤ ਲਈ :**

**ਸ. ਨਰਿੰਦਰ ਸਿੰਘ ਥਾਂਦੀ**
(ਪ੍ਰਧਾਨ ਗੁ. ਵੈਸਟ ਸੈਕਰਾਮੈਂਟੋ) ਵਲੋਂ

**ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**
ਗੁਰਦੁਆਰਾ ਸਾਹਿਬ ਤੋਂ ਕੈਪੀਟਲ ਗਰਾਉਂਡ ਤੱਕ
ਫ੍ਰੀ ਬੱਸ ਸੇਵਾ ਉਪਲੱਬਧ ਹੋਵੇਗੀ।

**ਖਾਸ ਬੇਨਤੀ :** ਸਾਰੇ ਵੀਰ ਬਸੰਤੀ ਰੰਗ ਦੀਆਂ ਪੱਗਾਂ, ਬੀਬੀਆਂ ਬਸੰਤੀ ਰੰਗ ਦੇ ਦੁਪੱਟੇ ਪਹਿਨ ਕੇ ਆਉਣ ਤਾਂ ਜੋ ਖਾਲਸੇ ਦੀ ਸ਼ਾਨ ਹੋਰ ਵੀ ਨਿਖਰੇ।

**ਸਹਿਯੋਗੀ ਸੰਸਥਾਵਾਂ :**
• ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਟ ਸੈਕਰਾਮੈਂਟੋ • ਇਲਾਕੇ ਦੀਆਂ ਗੁਰਦੁਆਰਾ ਕਮੇਟੀਆਂ • ਕੈਲੀਫੋਰਨੀਆ ਸਿੱਖ ਯੂਥ ਐਲਾਇੰਸ
• ਸਮੂਹ ਸਾਧ ਸੰਗਤ • ਨੌਜਵਾਨ ਵੀਰ (ਕਰਨਾਲ) • Bhagat Puran Singh Health Initiative

**ਵਧੇਰੇ ਜਾਣਕਾਰੀ ਲਈ : 916-600-1435**


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਕਦੇ ਘਾਟੇ 'ਚ ਚਲਦਾ ਬਿਜਲੀ ਵਿਭਾਗ ਪਿਛਲੇ 4 ਸਾਲਾਂ ਤੋਂ ਪੰਜਾਬ ਦੇ 90 ਫੀਸਦ ਘਰਾਂ ਨੂੰ ਮੁਫ਼ਤ ਬਿਜਲੀ ਦੇ ਕੇ ਵੀ ਕਮਾ ਰਿਹੈ ਮੁਨਾਫ਼ਾ: ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਜ਼ੋਰ ਦਿੰਦਿਆਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਅਧੀਨ ਪੰਜਾਬ ਦੇ ਬਿਜਲੀ ਖੇਤਰ ਵਿੱਚ ਵੱਡਾ ਢਾਂਚਾਗਤ ਬਦਲਾਅ ਆਇਆ ਹੈ। ਕਿਸੇ ਸਮੇਂ ਘਾਟੇ ਵਿੱਚ ਚੱਲ ਰਿਹਾ ਇਹ ਵਿਭਾਗ ਹੁਣ 90 ਫੀਸਦੀ ਘਰਾਂ ਨੂੰ ਮੁਫ਼ਤ ਬਿਜਲੀ ਪ੍ਰਦਾਨ ਕਰ ਕੇ ਵੀ ਮੁਨਾਫ਼ਾ ਕਮਾ ਰਿਹਾ ਹੈ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੇ ਨਾ ਸਿਰਫ਼ 600 ਯੂਨਿਟ ਮੁਫ਼ਤ ਬਿਜਲੀ ਰਾਹੀਂ ਬਹੁਗਿਣਤੀ ਪਰਿਵਾਰਾਂ ਲਈ ਜ਼ੀਰੋ ਬਿਜਲੀ ਬਿੱਲ ਯਕੀਨੀ ਬਣਾਏ, ਸਗੋਂ ਪਿਛਲੀਆਂ ਸਰਕਾਰਾਂ ਵੱਲੋਂ ਜਨਤਕ ਜਾਇਦਾਦਾਂ ਵੇਚਣ ਦੇ ਪੁਰਾਣੇ ਰੁਝਾਨ ਨੂੰ ਬਦਲਦਿਆਂ 540 ਮੈਗਾਵਾਟ ਗੋਇੰਦਵਾਲ ਥਰਮਲ ਪਾਵਰ ਪਲਾਂਟ ਨੂੰ ਖ਼ਰੀਦ ਕੇ ਬਿਜਲੀ ਉਪਲਬਧਤਾ ਵਿੱਚ ਅਹਿਮ ਸੁਧਾਰ ਕੀਤੇ ਹਨ।ਮੁੱਖ ਮੰਤਰੀ ਨੇ ਕਿਹਾ ਕਿ ਵਪਾਰਕ ਅਤੇ ਉਦਯੋਗਿਕ ਖਪਤਕਾਰਾਂ ਸਮੇਤ ਹੋਰ ਸ਼੍ਰੇਣੀਆਂ ਲਈ ਟੈਰਿਫ ਘਟਾਏ ਗਏ ਹਨ, ਕਿਸਾਨਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ ਅਤੇ ਨਵੇਂ ਸਬਸਟੇਸ਼ਨਾਂ ਅਤੇ ਟ੍ਰਾਂਸਫਾਰਮਰਾਂ ਰਾਹੀਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ। ਰੁਜ਼ਗਾਰ ਪੈਦਾ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਬਿਜਲੀ ਖੇਤਰ ਵਿੱਚ 9593 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ ਅਤੇ 1750 ਹੋਰ ਅਸਾਮੀਆਂ ਲਈ ਭਰਤੀ ਜਾਰੀ ਹੈ। ਪੰਜਾਬ ਬਿਜਲੀ ਵਿਭਾਗ (ਪੀਐਸਪੀਸੀਐਲ) ਵੱਲੋਂ ਏ+ ਰੇਟਿੰਗ ਹਾਸਲ ਕਰਨਾ, ਰਾਸ਼ਟਰੀ ਪੱਧਰ 'ਤੇ ਦੂਜਾ ਸਥਾਨ ਮਿਲਣਾ ਪੰਜਾਬ ਨੂੰ ਬਿਜਲੀ ਵਿੱਚ ਆਤਮ-ਨਿਰਭਰ ਬਣਾਉਣ ਅਤੇ ਲੋਕਾਂ ਲਈ 24 ਘੰਟੇ ਮੁਫ਼ਤ ਬਿਜਲੀ ਸਪਲਾਈ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਪ੍ਰੈਸ ਕਾਨਫਰੰਸ ਦੌਰਾਨ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ''ਆਪ ਸਰਕਾਰ ਨੇ ਹਰ ਖੇਤਰ ਨੂੰ ਸਸਤੀ ਅਤੇ ਨਿਰਵਿਘਨ ਬਿਜਲੀ ਸਪਲਾਈ ਪ੍ਰਦਾਨ ਕਰਵਾ ਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਪਹਿਲੀ ਵਾਰ ਲੋਕਾਂ ਨੂੰ ਬਿਨਾਂ ਕਿਸੇ ਵਾਧੂ ਵਿੱਤੀ ਬੋਝ ਤੋਂ ਬਿਜਲੀ ਦੀ ਨਿਰੰਤਰ ਸਪਲਾਈ ਦਿੱਤੀ ਜਾ ਰਹੀ ਹੈ।" ਉਨ੍ਹਾਂ ਅੱਗੇ ਕਿਹਾ, ''ਜਦੋਂ ਅਸੀਂ ਸੂਬੇ ਦੀ ਵਾਗਡੋਰ ਸੰਭਾਲੀ ਸੀ ਤਾਂ ਸਿੰਚਾਈ ਲਈ ਸਿਰਫ 22 ਫੀਸਦੀ ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ, ਪਰ ਅੱਜ ਇਹ ਪ੍ਰਤੀਸ਼ਤ ਵਧ ਕੇ 78 ਫੀਸਦੀ ਹੋ ਗਿਆ ਹੈ ਅਤੇ ਆਉਣ ਵਾਲੇ ਝੋਨੇ ਦੇ ਸੀਜ਼ਨ ਤੱਕ ਇਸ ਨੂੰ 90 ਫੀਸਦੀ ਤੱਕ ਵਧਾ ਦਿੱਤਾ ਜਾਵੇਗਾ।''ਸਿੰਚਾਈ ਸੁਧਾਰਾਂ ਬਾਰੇ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭਾਖੜਾ ਨਹਿਰ ਦੀ ਸਮਰੱਥਾ 9500 ਕਿਊਸਿਕ ਹੈ ਪਰ ਸਾਡੇ ਯਤਨਾਂ ਸਦਕਾ ਹੁਣ ਕਿਸਾਨਾਂ ਨੂੰ 11,000 ਕਿਊਸਿਕ ਨਹਿਰੀ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ। ਸੋ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਨੇ ਇੱਕ ਇੰਚ ਜ਼ਮੀਨ ਐਕਵਾਇਰ ਕੀਤੇ ਬਿਨਾਂ ਇੱਕ ਨਵੀਂ ਭਾਖੜਾ ਨਹਿਰ ਬਣਾ ਦਿੱਤੀ ਹੈ।" ਉਨ੍ਹਾਂ ਅੱਗੇ ਕਿਹਾ, "ਪਹਿਲੀ ਵਾਰ, ਪਾਣੀ ਦੀ ਬੂੰਦ-ਬੂੰਦ ਦਾ ਹਿਸਾਬ ਰੱਖਿਆ ਜਾ ਰਿਹਾ ਹੈ, ਜਿਸ ਨਾਲ ਕੇਵਲ ਪੈਦਾਵਾਰ ਵਧੇਗੀ, ਸਗੋਂ ਖੇਤੀ ਖੇਤਰ ਨੂੰ ਮੁਫ਼ਤ ਬਿਜਲੀ ਇਸੇ ਤਰ੍ਹਾਂ ਮਿਲਦੀ ਰਹੇਗੀ।ਬਿਜਲੀ ਸਪਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲੀ ਵਾਰ, ਕਿਸਾਨਾਂ ਨੂੰ ਝੋਨੇ ਦੇ ਸੀਜ਼ਨ ਦੌਰਾਨ ਅੱਠ ਘੰਟੇ ਤੋਂ ਵੱਧ ਬਿਜਲੀ ਸਪਲਾਈ ਮਿਲੀ ਅਤੇ ਦਿਨ ਵੇਲੇ 95 ਫੀਸਦ ਸਪਲਾਈ ਯਕੀਨੀ ਬਣਾਈ ਗਈ।" ਉਨ੍ਹਾਂ ਅੱਗੇ ਕਿਹਾ, "ਘਰੇਲੂ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਮੁਫ਼ਤ ਬਿਜਲੀ ਪ੍ਰਦਾਨ ਕੀਤੀ ਜਾ ਰਹੀ ਹੈ ਅਤੇ ਲਗਪਗ



90ਫੀਸਦ ਘਰਾਂ ਨੂੰ ਜ਼ੀਰੋ ਬਿਜਲੀ ਬਿੱਲ ਆ ਰਹੇ ਹਨ।"ਰੁਜ਼ਗਾਰ ਮੌਕਿਆਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਪ੍ਰੈਲ 2022 ਤੋਂ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਵਿੱਚ ਲਗਪਗ 9593 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਹੈ, ਜਿਸ ਵਿੱਚ 8014 ਸਿੱਧੀਆਂ ਭਰਤੀਆਂ ਅਤੇ 1579 ਤਰਸ ਦੇ ਆਧਾਰ 'ਤੇ ਦਿੱਤੀਆਂ ਨੌਕਰੀਆਂ ਸ਼ਾਮਲ ਹਨ।" ਉਨ੍ਹਾਂ ਅੱਗੇ ਕਿਹਾ, ਪੀ.ਐਸ.ਪੀ.ਸੀ.ਐਲ. ਵਿੱਚ 1181 ਅਤੇ ਪੀ.ਐਸ.ਟੀ.ਸੀ.ਐਲ. ਵਿੱਚ 569 ਅਸਾਮੀਆਂ ਲਈ ਭਰਤੀ ਚੱਲ ਰਹੀ ਹੈ ਅਤੇ ਜੂਨ 2026 ਤੱਕ ਪੂਰੀ ਹੋ ਜਾਵੇਗੀ।"ਰਿਕਾਰਡ ਪ੍ਰਾਪਤੀਆਂ ਗਿਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਨੇ 5 ਜੂਨ, 2025 ਨੂੰ 16,670 ਮੈਗਾਵਾਟ ਦੀ ਹੁਣ ਤੱਕ ਦੀ ਸਭ ਤੋਂ ਵੱਧ ਬਿਜਲੀ ਦੀ ਮੰਗ ਨੂੰ ਪੂਰਾ ਕੀਤਾ, ਜੋ ਕਿ 29 ਜੂਨ, 2024 ਨੂੰ 16,058 ਮੈਗਾਵਾਟ ਦੇ ਪਿਛਲੇ ਰਿਕਾਰਡ ਨੂੰ ਪਾਰ ਕਰ ਗਈ ਹੈ।" ਉਨ੍ਹਾਂ ਅੱਗੇ ਕਿਹਾ, "ਭਾਵੇਂ ਜ਼ਿਆਦਤਰ ਸਰਕਾਰਾਂ ਵੱਲੋਂ ਜਨਤਕ ਜਾਇਦਾਦਾਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਨੇ 1080 ਕਰੋੜ ਰੁਪਏ ਦੀ ਲਾਗਤ ਨਾਲ ਨਿੱਜੀ ਥਰਮਲ ਪਲਾਂਟ ਖ਼ਰੀਦ ਕੇ ਨਵੀਂ ਪਿਰਤ ਪਾਈ ਹੈ।"ਇਸ ਪ੍ਰਾਪਤੀ ਬਾਰੇ ਫ਼ਖ਼ਰ ਨਾਲ ਜ਼ਿਕਰ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸੇ ਤਰ੍ਹਾਂ ਦੀ ਸਮਰੱਥਾ ਵਾਲੇ ਇੱਕ ਨਵੇਂ ਪਲਾਂਟ ਦੀ ਲਾਗਤ 4,320 ਕਰੋੜ ਹੋਵੇਗੀ, ਜਿਸ ਨਾਲ ਇਹ ਕਿਸੇ ਵੀ ਸਰਕਾਰ ਵੱਲੋਂ ਅਮਲ 'ਚ ਲਿਆਂਦੀ ਸਭ ਤੋਂ ਸਸਤੀ ਤੇ ਲਾਹੇਵੰਦ ਪੇਸ਼ਕਦਮੀ ਹੋਵੇਗੀ। ਪਹਿਲਾਂ ਜੀਕੇਵੀ ਥਰਮਲ ਪਾਵਰ ਪਲਾਂਟ ਵਜੋਂ ਜਾਣੇ ਜਾਂਦੇ ਇਸ ਪਲਾਂਟ ਦਾ ਨਾਮ ਹੁਣ ਬਦਲ ਕੇ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਮ 'ਤੇ ਰੱਖਿਆ ਗਿਆ ਹੈ।" ਉਨ੍ਹਾਂ ਅੱਗੇ ਕਿਹਾ, "ਫਰਵਰੀ 2024 ਵਿੱਚ ਇਸ ਦੀ ਪ੍ਰਾਪਤੀ ਤੋਂ ਬਾਅਦ, ਗੋਇੰਦਵਾਲ ਸਾਹਿਬ ਵਿਖੇ ਗੁਰੂ ਅਮਰਦਾਸ ਥਰਮਲ ਪਲਾਂਟ ਵਿੱਚ ਕਾਫ਼ੀ ਸੁਧਾਰ ਹੋਇਆ ਹੈ, ਵਿੱਤੀ ਸਾਲ 2024-25 ਵਿੱਚ ਪੀਐਲਐਫ 34 ਫੀਸਦੀ ਤੋਂ ਵੱਧ ਕੇ 65 ਫੀਸਦੀ ਹੋਇਆ ਹੈ, ਜੁਲਾਈ 2024 ਵਿੱਚ 90 ਫੀਸਦ ਅਤੇ ਜੁਲਾਈ 2025 ਵਿੱਚ 82 ਫੀਸਦੀ ਨੂੰ ਛੋਹ ਗਿਆ ।"ਬੁਨਿਆਦੀ ਢਾਂਚੇ ਅਤੇ ਬਾਲਣ ਸਪਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਟ੍ਰਾਂਸਮਿਸ਼ਨ ਸਮਰੱਥਾ 7,400/8,000 ਮੈਗਾਵਾਟ ਤੋਂ ਵਧ ਕੇ 10400/10,900 ਮੈਗਾਵਾਟ ਹੋ ਗਈ ਹੈ, ਜਿਸ ਨਾਲ ਰਾਸ਼ਟਰੀ ਗਰਿੱਡ ਤੋਂ ਬਿਜਲੀ ਦਾ ਅਨੁਪਾਤ ਵਧਿਆ ਹੈ।" ਉਨ੍ਹਾਂ ਅੱਗੇ ਕਿਹਾ, "ਪਛਵਾੜਾ ਕੋਲਾ ਖਾਨ ਤੋਂ ਕੋਲੇ ਦੀ ਸਪਲਾਈ ਮੁੜ ਸ਼ੁਰੂ ਹੋ ਗਈ ਹੈ, ਸਾਲ 2024-25 ਵਿੱਚ 70 ਲੱਖ ਮੀਟ੍ਰਿਕ ਟਨ ਸਪਲਾਈ ਕੀਤੀ ਗਈ ਅਤੇ ਅਕਤੂਬਰ 2022 ਤੋਂ ਹੁਣ ਤੱਕ 1,462 ਕਰੋੜ ਰੁਪਏ ਦੀ ਬਚਤ ਹੋਈ ਹੈ।"ਉਨ੍ਹਾਂ ਅੱਗੇ ਕਿਹਾ, "ਕਿਸੇ ਵੀ ਥਰਮਲ ਪਲਾਂਟ ਵਿੱਚ ਕੋਲੇ ਦੀ ਕੋਈ ਘਾਟ ਨਹੀਂ ਹੈ, ਰੋਪੜ ਕੋਲ 41 ਦਿਨਾਂ ਦਾ ਸਟਾਕ ਹੈ, ਲਹਿਰਾ ਮੁਹੱਬਤ ਕੋਲ 37 ਦਿਨ ਦਾ ਹੈ ਅਤੇ ਗੋਇੰਦਵਾਲ ਸਾਹਿਬ ਕੋਲ 32 ਦਿਨ ਸਟਾਕ ਉਪਲਬਧ ਹੈ।" ਉਨ੍ਹਾਂ ਅੱਗੇ ਕਿਹਾ ਕਿ 206 ਮੈਗਾਵਾਟ ਸ਼ਾਹਪੁਰ ਕੰਢੀ ਹਾਈਡਲ ਪ੍ਰਾਜੈਕਟ ਦੇ ਮਈ 2027 ਤੱਕ ਉਤਪਾਦਨ ਸ਼ੁਰੂ ਹੋਣ ਦੀ ਉਮੀਦ ਹੈ, ਜਿਸ ਵਿੱਚ ਸਤੰਬਰ 2025 ਤੱਕ 5,192.51 ਕਰੋੜ ਰੁਪਏ ਖਰਚ ਹੋਏ ਹਨ।ਸਾਫ਼ ਤੇ ਸਵੱਛ ਊਰਜਾ ਨੂੰ ਉਤਸ਼ਾਹਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਅਗਲੇ ਛੇ ਸਾਲਾਂ ਵਿੱਚ ਗਰੀਨ ਊਰਜਾ ਦੀ ਵਰਤੋਂ ਨੂੰ 20 ਫੀਸਦ ਤੋਂ ਵਧਾ ਕੇ 80 ਫੀਸਦੀ ਕੀਤਾ ਜਾਵੇਗਾ।" ਉਨ੍ਹਾਂ ਅੱਗੇ ਕਿਹਾ, "2720 ਮੈਗਾਵਾਟ ਸੂਰਜੀ ਊਰਜਾ ਨੂੰ 2.33 -2.97 ਰੁਪਏ ਪ੍ਰਤੀ ਯੂਨਿਟ 'ਤੇ ਜੋੜਿਆ ਗਿਆ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਦੌਰਾਨ ਇਹ ਦਰ 15.20 ਪ੍ਰਤੀ ਯੂਨਿਟ ਸੀ।" ਉਨ੍ਹਾਂ ਅੱਗੇ ਕਿਹਾ, "2,062 ਮੈਗਾਵਾਟ ਸੋਲਰ ਪ੍ਰਗਤੀ ਅਧੀਨ ਹੈ, 658 ਮੈਗਾਵਾਟ ਚਾਲੂ ਹੋ ਚੁੱਕਾ ਹੈ ਅਤੇ 581 ਮੈਗਾਵਾਟ ਰੂਫ਼ਟਾਂਪ ਸੋਲਰ ਲਗਾਇਆ ਗਿਆ ਹੈ।"ਨੈੱਟਵਰਕ ਮਜ਼ਬੂਤੀ ਬਾਰੇ ਵਿਸਥਾਰ ਨਾਲ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "26 ਨਵੇਂ 66 ਕੇਵੀ ਸਬਸਟੇਸ਼ਨ ਸਥਾਪਤ ਕੀਤੇ ਗਏ ਹਨ, 194 ਟ੍ਰਾਂਸਫਾਰਮਰ ਅਪਗ੍ਰੇਡ ਕੀਤੇ ਗਏ ਹਨ ਅਤੇ 2738 ਐਮ.ਵੀ.ਏ. ਸਮਰੱਥਾ ਦੇ ਵਾਧੇ ਅਤੇ 337 ਸਰਕਟ ਕਿਲੋ ਮੀਟਰ ਨਵੀਆਂ ਲਾਈਨਾਂ ਦੇ ਨਾਲ 34 ਨਵੇਂ ਟ੍ਰਾਂਸਫਾਰਮਰ ਲਗਾਏ ਗਏ ਹਨ।"ਇੱਕ ਨਵੀਂ ਪਹਿਲਕਦਮੀ ਬਾਰੇ ਐਲਾਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਰਕਾਰ ਜਲਦ ਹੀ ਕਿਸਾਨਾਂ ਦੇ ਖੇਤਾਂ ਚੋਂ ਲੰਘਦੀਆਂ ਹਾਈ-ਟੈਂਸ਼ਨ ਤਾਰਾਂ ਨੂੰ ਜ਼ਮੀਨਦੋਜ਼ ਕਰਨ ਲਈ ਯੋਜਨਾ ਸ਼ੁਰੂ ਕਰੇਗੀ, ਜਿਸਦੀ ਸ਼ੁਰੂਆਤ ਮੇਰੇ ਜੱਦੀ ਪਿੰਡ ਤੋਂ ਹੋਵੇਗੀ, ਜਿੱਥੇ 413 ਟਿਊਬਵੈੱਲ ਅਤੇ 1100 ਬਿਜਲੀ ਦੇ ਖੰਭੇ 2,000 ਏਕੜ ਵਿੱਚ ਫੈਲੇ ਹੋਏ ਹਨ।" ਉਨ੍ਹਾਂ ਅੱਗੇ ਕਿਹਾ, "ਇਹ ਕਿਸਾਨਾਂ ਅਤੇ ਉਨ੍ਹਾਂ ਦੀਆਂ ਫਸਲਾਂ ਨੂੰ ਦਰਪੇਸ਼ ਜੋਖਮਾਂ ਨੂੰ ਘਟਾ ਕੇ ਵੱਡੀ ਰਾਹਤ ਪ੍ਰਦਾਨ ਕਰੇਗਾ।"ਕਾਨੂੰਨ ਵਿਵਸਥਾ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਈਬਰ ਅਪਰਾਧ ਨੂੰ ਪ੍ਰਭਾਵੀ ਢੰਗ ਨਾਲ ਨਜਿੱਠਣ ਲਈ ਪੰਜਾਬ ਪੁਲਿਸ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਕਰਨ ਵਾਲੀਆਂ ਕਾਲੀਆਂ ਭੇਡਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।" ਉਨ੍ਹਾਂ ਅੱਗੇ ਕਿਹਾ ਕਿ ਬਠਿੰਡਾ ਵਿੱਚ ਸ਼ਿਕਾਇਤਾਂ ਤੋਂ ਬਾਅਦ ਇੱਕ ਸਟੇਸ਼ਨ ਵਿਖੇ ਤਾਇਨਾਤ ਪੁਲਿਸ ਮੁਲਾਜ਼ਮਾਂ ਦਾ ਤਬਾਦਲਾ ਕਰ ਦਿੱਤਾ ਗਿਆ ਹੈ।ਕਿਸਾਨਾਂ ਦੀਆਂ ਚਿੰਤਾਵਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਾਲੀਆ ਮੌਸਮ ਕਾਰਨ ਕਣਕ ਦੀ ਫਸਲ ਦੇ ਖਰਾਬੇ ਦਾ ਮੁਲਾਂਕਣ ਕਰਨ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਦਿੱਤੇ ਗਏ ਹਨ ਅਤੇ ਡਿਪਟੀ ਕਮਿਸ਼ਨਰਾਂ ਦੀਆਂ ਰਿਪੋਰਟਾਂ ਤੋਂ ਬਾਅਦ ਨਿਯਮਾਂ ਅਨੁਸਾਰ ਮੁਆਵਜ਼ਾ ਦਿੱਤਾ ਜਾਵੇਗਾ।" ਉਨ੍ਹਾਂ ਭਰੋਸਾ ਦਿੱਤਾ, "ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕੁਦਰਤੀ ਆਫ਼ਤਾਂ ਕਾਰਨ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ।"ਇਸ ਮੌਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਕਿਸਾਨ ਆਗੂ ਭਜਨ ਸਿੰਘ ਢੱਡਰੀਆਂ ਨੂੰ ਸ਼ਰਧਾਂਜ਼ਲੀਆਂ ਭੇਟ

ਸੰਗਰੂਰ
ਸਾਂਝੀ ਸੋਚ ਬਿਊਰੋ

ਪਿਛਲੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਵਿਛੋੜਾ ਦੇ ਗਏ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ ਦਾ ਸ਼ਰਧਾਂਜਲੀ ਸਮਾਗਮ ਉਨਾਂ ਦੇ ਪਿੰਡ ਢੱਡਰੀਆਂ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਜਿੱਥੇ ਕਿਸਾਨ ਆਗੂਆਂ ਅਤੇ ਵੱਖ ਵੱਖ ਰਾਜਨੀਤਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।ਗੁਰਦੁਆਰਾ ਸਾਹਿਬ ਵਿਖੇ ਅੰਤਿਮ ਅਰਦਾਸ ਹੋਈ ਅਤੇ ਉਸ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਕੁੱਲ ਹਿੰਦ ਕਿਸਾਨ ਫੈਡਰੇਸ਼ਨ ਦੇ ਸੂਬਾ ਆਗੂ ਐਡਵੋਕੇਟ ਕਿਰਨਜੀਤ ਸਿੰਘ ਸੇਖੋਂ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ ਨੇ ਭਜਨ ਸਿੰਘ ਦੁਆਰਾ ਕਿਸਾਨ ਅੰਦੋਲਨ ਵਿੱਚ ਪਾਏ ਯੋਗਦਾਨ ਅਤੇ ਉਹਨਾਂ ਦੁਆਰਾ ਲੜੇ ਗਏ ਘੋਲਾਂ ਬਾਰੇ ਚਾਨਣਾ ਪਾਉਂਦਿਆਂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਭਾਰਤ ਅਮਰੀਕਾ ਵਪਾਰ ਸਮਝੌਤੇ,ਲਗਾਤਾਰ ਖੇਤੀ ਦੀਆਂ ਸਬਸਿਡੀਆਂ ਘਟਾਉਣਾ, ਕਿਸਾਨਾਂ ਦੀ ਕਰਜਾ ਮੁਕਤੀ ਸਮੇਤ ਕਿਸਾਨੀ ਮੰਗਾਂ ਤੇ ਚੱਲ ਰਹੇ ਘੋਲ ਦੇ ਸਮੇਂ ਭਜਨ ਸਿੰਘ ਵਰਗੇ ਆਗੂਆਂ ਦੇ ਚਲਾਣੇ ਨੂੰ ਵੱਡਾ ਘਾਟਾ ਦੱਸਦਿਆਂ ਲੋਕਾਂ ਨੂੰ ਉਹਨਾਂ ਦੀ ਜ਼ਿੰਦਗੀ ਤੋਂ ਪ੍ਰੇਰਨਾ ਲੈਂਦਿਆਂ ਆਪਣੀ ਜਥੇਬੰਦਕ ਤਾਕਤ ਮਜਬੂਤ ਕਰਨ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਭਜਨ ਸਿੰਘ ਢੱਡਰੀਆਂ ਉਨਾਂ ਪਰਿਵਾਰਾਂ ਵਿੱਚੋਂ ਸਨ ਜੋ 1947 ਦੀ ਦੇਸ਼ ਵੰਡ ਸਮੇਂ ਪਾਕਿਸਤਾਨੀ ਪੰਜਾਬ ਤੋਂ ਇਧਰ ਆ ਕੇ ਵਸੇ ਸਨ ਤੇ ਉਹਨਾਂ ਦੀ ਜ਼ਿੰਦਗੀ ਸੰਘਰਸ਼ਮਈ ਰਹੀ ਸੀ।

ਉਹ ਛੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ ਅਤੇ ਸਾਰੇ ਭਰਾਵਾਂ ਦਾ ਉਹਨਾਂ ਨੂੰ ਕਿਸਾਨ ਲਹਿਰ ਵਿੱਚ ਕੰਮ ਕਰਨ ਲਈ ਪੂਰਨ ਸਹਿਯੋਗ ਮਿਲਦਾ ਸੀ। ਇਸ ਮੌਕੇ ਕੁਲ ਹਿੰਦ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਇੰਦਰਪਾਲ ਸਿੰਘ ਪੂਨਾਂਵਾਲ, ਬੀਕੇਯੂ ਲੱਖੋਵਾਲ ਦੇ ਆਗੂ ਨਿਰਮਲ ਸਿੰਘ ਘਨੌਰ, ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਸੁਖਵਿੰਦਰ ਸਿੰਘ ਚੂੰਘਾਂ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮਵੀਰ ਸਿੰਘ, ਕੁੱਲ ਹਿੰਦ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਨਿਰੰਜਨ ਸਿੰਘ ਚੁਨਾਗਰਾ, ਕਿਸਾਨ ਵਿਕਾਸ ਫਰੰਟ ਦੇ ਮਹਿੰਦਰ ਸਿੰਘ ਭੱਠਲ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਕੁਨਰਾਂ, ਵਿੱਤ ਸਕੱਤਰ ਕੁਲਦੀਪ ਸਿੰਘ, ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਅਤੇ ਗੁਰਮੇਲ ਸਿੰਘ ਉਭਾਵਾਲ, ਸਤਵਿੰਦਰ ਸਿੰਘ ਬਹਾਦਰਪੁਰ, ਜੁਝਾਰ ਸਿੰਘ ਬੁਡਰੁੱਖਾਂ, ਹਰਦਮ ਸਿੰਘ ਰਾਜੋਮਾਜਰਾ, ਮਨਪ੍ਰੀਤ ਸਿੰਘ ਈਸਾਪੁਰ ਲੰਡਾ ਨੇ ਵੀ ਸ਼ਰਧਾ ਦੇ ਫੁੱਲ



ਭੇਂਟ ਕੀਤੇ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਿੱਖ ਯੂਥ ਫੈਡਰੇਸ਼ਨ ਵੱਲੋਂ ਮਹਿਲ ਸਿੰਘ ਢੱਡਰੀਆਂ ਨੇ ਵੀ ਦੁੱਖ ਸਾਂਝਾ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਭੁਪਿੰਦਰ ਸਿੰਘ ਲੌਂਗੋਵਾਲ ਨੇ ਨਿਭਾਈ।

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ


ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'


ਕਰਤਾਰ ਸਿੰਘ ਸਰਾਭਾ


ਬਾਬਾ ਜਵਾਲਾ ਸਿੰਘ


ਬਾਬਾ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ


ਲਾਲੀ ਤੱਖਰ


ਰਾਜ ਬਰਾੜ

ਮੰਚ ਸੰਚਾਲਨ


ਆਸ਼ਾ ਸ਼ਰਮਾ

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

**ਹੋਰ ਪ੍ਰੋਗਰਾਮ:**
**ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ**

**4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ**
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।
ਸੰਪਰਕ: ਸੁਰਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ


Social Activist
**Dr. Swaiman Singh**

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ


**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**
ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਵੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਢਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੇਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਗੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ਼ ਸਿੰਘ।

**ਸੂਪਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ. ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖ਼ਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ................ (559) 287-0822
ਹਰਜਿੰਦਰ ਸਿੰਘ ਢੇਸੀ ਸੈਕਟਰੀ ................ (559) 618-0156
ਗੁਰਮੀਤ ਸਿੰਘ ਗਿੱਲ ................ (805) 215-0681
ਗੁਰਮੀਤ ਸਿੰਘ ਗਾਜੀਆਣਾ ................ (559) 801-8200



Pal Films
Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com




# Sikh Gurdwara San Jose

## ਵਿਸਾਖੀ ਸਮਾਗਮ – 11 ਅਪ੍ਰੈਲ ਤੋਂ 14 ਅਪ੍ਰੈਲ 2026

### ਸ਼ਨੀਵਾਰ, 11 ਅਪ੍ਰੈਲ



**– ਅੰਮ੍ਰਿਤ ਸੰਚਾਰ –**

ਸਵੇਰੇ 9:00 ਵਜੇ

ਕਕਾਰ ਪ੍ਰਦਾਨ ਕੀਤੇ ਜਾਣਗੇ

ਕਿਰਪਾ ਕਰਕੇ ਪੂਰੇ ਕੇਸ਼ੀ ਇਸ਼ਨਾਨ ਨਾਲ ਆਓ

### ਐਤਵਾਰ, 12 ਅਪ੍ਰੈਲ


**– Annual Khalsa Kids Day –**

ਸਵੇਰੇ 10:00 – ਦੁਪਹਿਰ 2:00 ਵਜੇ

(ਉਮਰ 3–19)

ਲੰਗਰ ਹਾਲ 'ਚ ਮਨਾਇਆ ਜਾਵੇਗਾ

**ਗਤੀਵਿਧੀਆਂ :** ਸਿੱਖ ਕਲਾ | ਕੀਰਤਨ | ਫੋਟੋ ਬੂਥ | ਸਟੇਜ ਪ੍ਰਦਰਸ਼ਨ | ਦਸਤਾਰ ਸਜਾਉਣਾ ਤੇ ਹੋਰ ਬਹੁਤ ਕੁਝ



### ਮੰਗਲਵਾਰ, 14 ਅਪ੍ਰੈਲ (ਵਿਸਾਖੀ)

## ਚੜ੍ਹਦੀ ਕਲਾ ਜਥੇ ਵੱਲੋਂ ਗੁਰਬਾਣੀ ਕੀਰਤਨ

| 11 ਅਪ੍ਰੈਲ (ਸ਼ਨੀਵਾਰ) | 12 ਅਪ੍ਰੈਲ (ਐਤਵਾਰ) | 13 ਅਪ੍ਰੈਲ (ਸੋਮਵਾਰ) | 14 ਅਪ੍ਰੈਲ (ਮੰਗਲਵਾਰ) |
| --- | --- | --- | --- |
| ਸ਼ਾਮ<br>6:10 ਵਜੇ ਤੋਂ 7:10 ਵਜੇ ਤੱਕ | ਦੁਪਹਿਰ<br>12:30 ਵਜੇ ਤੋਂ 1:30 ਵਜੇ ਤੱਕ | ਸ਼ਾਮ<br>7:30 ਵਜੇ ਤੋਂ 8:30 ਵਜੇ ਤੱਕ | ਆਸਾ ਕੀ ਵਾਰ ਕੀਰਤਨ<br>ਸ਼ਾਮ 7:30 ਵਜੇ ਤੋਂ 8:30 ਵਜੇ ਤੱਕ |

ਸਮੂਹ ਸੰਗਤ ਨੂੰ ਨਿਮਰ ਬੇਨਤੀ ਹੈ ਕਿ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ
ਕੀਰਤਨ, ਗੁਰਮਤਿ ਵਿਚਾਰ ਤੇ ਹੋਰ ਸਮਾਗਮਾਂ 'ਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।

ਪਤਾ: 3636 Gurudwara Avenue, San Jose, California 95148 | ਸੰਪਰਕ: (408) 274-937

# ਕੈਨੇਡਾ ਦੀਆਂ ਸਿੱਖ ਸੰਸਥਾਵਾਂ ਅੰਦਰ ਖਾਲਿਸਤਾਨੀ ਕੱਟੜਵਾਦ ਦਾ ਫੈਲਦਾ ਖ਼ਤਰਨਾਕ ਜਾਲ



ਪ੍ਰੋ: ਸਰਚਾਂਦ ਸਿੰਘ ਖਿਆਲਾ
97813-55522

ਕੈਨੇਡਾ ਦੇ ਓਨਟਾਰੀਓ ਵਿੱਚ ਸਿੱਖ ਡਾਇਸਪੋਰਾ ਦੇ ਅੰਦਰ ਉੱਭਰਿਆ ਹਾਲੀਆ ਟਕਰਾਅ ਕੋਈ ਆਮ ਕਮਿਊਨਿਟੀ ਵਿਵਾਦ ਨਹੀਂ। ਇਹ ਉਸ ਡੂੰਘੀ ਬਿਮਾਰੀ ਦਾ ਖੁੱਲ੍ਹਾ ਪ੍ਰਗਟਾਵਾ ਹੈ, ਜਿਸ ਨੇ ਸਾਲਾਂ ਤੋਂ ਸਿੱਖ ਭਾਈਚਾਰੇ ਦੇ ਨਾਮ 'ਤੇ ਆਪਣੇ ਹੀ ਲੋਕਾਂ ਅੰਦਰ ਵਿਚਾਰਾਤਮਿਕ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੋਈ ਹੈ। ਜਿਨ੍ਹਾਂ ਲੋਕਾਂ ਨੇ ਸਿੱਖ ਪਹਿਚਾਣ, ਅਧਿਕਾਰਾਂ ਅਤੇ ਨਿਆਂ ਦੀ ਭਾਸ਼ਾ ਨੂੰ ਆਪਣਾ ਲਿਬਾਸ ਬਣਾਇਆ ਹੋਇਆ ਹੈ, ਅੱਜ ਉਨ੍ਹਾਂ ਦੇ ਚਿਹਰੇ ਤੋਂ ਹੁਣ ਪਰਦਾ ਹਟਦਾ ਦਿਖਾਈ ਦੇ ਰਿਹਾ ਹੈ। ਦਾਅਵਾ ਸੇਵਾ ਦਾ ਹੈ, ਪਰ ਚਾਲ ਕਬਜ਼ੇ ਦੀ ਹੈ; ਨਾਅਰਾ ਹੱਕਾਂ ਦਾ ਹੈ, ਪਰ ਮਨੋਰਥ ਡਰ, ਦਬਾਅ ਅਤੇ ਚੁੱਪ ਕਰਾਉਣ ਦਾ ਹੈ।

ਇਸ ਟਕਰਾਅ ਵਿੱਚ ਕੁਝ ਪ੍ਰਭਾਵਸ਼ਾਲੀ ਧਿਰਾਂ ਜਿਨ੍ਹਾਂ ਨੂੰ ਗਿਰੋਹ ਕਹਿਣਾ ਵਧੇਰੇ ਢੁਕਵਾਂ ਹੋਵੇਗਾ ਇੱਕ-ਦੂਜੇ ਵਿਰੁੱਧ ਦੋਸ਼ ਲਗਾ ਰਹੀਆਂ ਹਨ। ਧਮਕੀਆਂ, ਧਾਰਮਿਕ ਮੰਚਾਂ ਦਾ ਸਿਆਸੀ ਦੁਰਉਪਯੋਗ, ਅਸਹਿਮਤੀ ਨੂੰ ਕੁਚਲਣ ਦੇ ਯਤਨ, ਅਤੇ ਗੁਰਦੁਆਰਿਆਂ ਵਿੱਚ ਸਵਾਲ ਪੁੱਛਣ ਵਾਲਿਆਂ ਨੂੰ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਇਹ ਸਭ ਕੁਝ ਸਾਬਤ ਕਰਦਾ ਹੈ ਕਿ ਖਾਲਿਸਤਾਨੀ ਕੱਟੜਵਾਦ ਹੁਣ ਸਿਰਫ਼ ਬਾਹਰੀ ਸਿਆਸੀ ਬਿਆਨਬਾਜ਼ੀ ਤੱਕ ਸੀਮਿਤ ਨਹੀਂ ਰਿਹਾ। ਇਹ ਆਪਣੇ ਹੀ ਭਾਈਚਾਰੇ ਦੇ ਅੰਦਰ ਡਰ ਦਾ ਮਾਹੌਲ ਬਣਾ ਕੇ ਸੰਸਥਾਵਾਂ 'ਤੇ ਕਬਜ਼ਾ ਕਰਨ ਦੀ ਰਣਨੀਤੀ ਵਿੱਚ ਤਬਦੀਲ ਹੋ ਚੁੱਕਿਆ ਹੈ। ਇਹ ਸਾਰਾ ਮਾਮਲਾ ਸਿਰਫ਼ ਵਿਅਕਤੀਗਤ ਰੜਕ ਜਾਂ ਸਥਾਨਕ ਝਗੜਾ ਨਹੀਂ, ਸਗੋਂ ਇਕ ਵੱਡੀ ਬਿਮਾਰੀ ਦਾ ਲੱਛਣ ਹੈ।

ਇਹ ਸਮਝਣ ਦੀ ਲੋੜ ਹੈ ਕਿ ਸਿੱਖ ਪਹਿਚਾਣ ਅਤੇ ਖਾਲਿਸਤਾਨੀ ਕੱਟੜਵਾਦ ਦੋ ਵੱਖਰੀਆਂ ਚੀਜ਼ਾਂ ਹਨ। ਖਾਲਿਸਤਾਨੀ ਕੱਟੜਵਾਦ ਦੀ ਆਲੋਚਨਾ ਨੂੰ ਅਕਸਰ ਵੱਖਵਾਦੀ ਸਮਰਥਕ ਤੱਤਾਂ ਦੁਆਰਾ ਸਿੱਖਾਂ ਦੀ ਆਲੋਚਨਾ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਖਾਲਿਸਤਾਨੀ ਹਿੰਸਕ ਸੋਚ ਦੀ ਆਲੋਚਨਾ ਕਰਨਾ ਸਿੱਖਾਂ ਦੀ ਆਲੋਚਨਾ ਬਿਲਕੁਲ ਨਹੀਂ ਹੈ। ਦੁਨੀਆ ਭਰ ਦਾ ਸਿੱਖ ਸਮਾਜ ਇਸ ਹਿੰਸਕ ਏਜੰਡੇ ਨਾਲ ਨਾ ਤਾਂ ਸਹਿਮਤ ਹੈ ਅਤੇ ਨਾ ਹੀ ਇਸ ਨਾਲ ਉਸ ਦਾ ਕੋਈ ਸਾਂਝਾ ਸਰੋਕਾਰ ਹੈ। ਸਿੱਖ ਕਿਸਾਨ ਹਨ, ਸਿਪਾਹੀ ਹਨ, ਉਦਯੋਗਪਤੀ ਹਨ, ਵਿਦਵਾਨ ਹਨ ਅਤੇ ਸਮਾਜ ਨਿਰਮਾਤਾ ਹਨ। ਪਰ ਕੁਝ ਗਿਰੋਹ ਸਿੱਖ ਪਹਿਚਾਣ, ਸਿੱਖ ਜਜ਼ਬਾਤਾਂ ਅਤੇ '84 ਦੇ ਇਤਿਹਾਸਕ ਪੀੜਾ ਨੂੰ ਆਪਣੇ ਰਾਜਨੀਤਿਕ ਫ਼ਾਇਦੇ ਲਈ ਵਰਤਦੇ ਹਨ। ਉਹ ਧਰਮ ਅਤੇ ਜਜ਼ਬਾਤ ਨੂੰ ਹਥਿਆਰ ਬਣਾਉਂਦੇ ਹਨ, ਗੁਰਦੁਆਰਿਆਂ ਨੂੰ ਮੰਚ ਬਣਾਉਂਦੇ ਹਨ ਅਤੇ ਭਾਈਚਾਰੇ ਨੂੰ ਆਪਣੀ ਵਿਚਾਰਧਾਰਕ ਜ਼ਬਰਦਸਤੀ ਹੇਠ ਲਿਆਉਣ ਦੀ ਕੋਸ਼ਿਸ਼ ਕਰਦੇ ਹਨ। ਖਾਲਿਸਤਾਨੀ ਸੋਚ ਨਾਲ ਜੁੜੇ ਇਹ ਤੱਤ ਧਾਰਮਿਕ ਸੰਸਥਾਵਾਂ ਦੀ ਆੜ ਲੈ ਕੇ ਆਪਣੇ ਆਪ ਨੂੰ ਜਾਇਜ਼ ਸਾਬਤ ਕਰਨ ਦੀ ਕੋਸ਼ਿਸ਼ ਤਾਂ ਕਰ ਰਹੇ ਹਨ, ਪਰ ਸਿੱਖ ਭਾਈਚਾਰੇ ਅੰਦਰ ਜਵਾਬਦੇਹੀ ਤੋਂ ਬਚਣਾ ਵੀ ਚਾਹੁੰਦੇ ਹਨ।

ਨਜ਼ਰ ਆ ਰਿਹਾ ਇਹ ਖ਼ਤਰਾ ਕੋਈ ਕਲਪਨਾ ਨਹੀਂ। ਪੰਜਾਬ ਦਾ ਖ਼ੂਨੀ ਇਤਿਹਾਸ ਇਸ ਦੀ ਸਭ ਤੋਂ ਵੱਡੀ ਗਵਾਹੀ ਹੈ। ਸਾਊਥ ਏਸ਼ੀਆ ਟੈਰੋਰਿਜ਼ਮ ਪੋਰਟਲ ਦੇ ਅਨੁਸਾਰ 1981 ਤੋਂ 2000 ਤੱਕ ਪੰਜਾਬ ਵਿੱਚ ਅੱਤਵਾਦ ਨਾਲ ਜੁੜੀਆਂ 21,630 ਮੌਤਾਂ ਦਰਜ ਹੋਈਆਂ। 11,782 ਆਮ ਲੋਕ ਅਤੇ 1,753 ਸੁਰੱਖਿਆ ਕਰਮਚਾਰੀ ਇਸ ਹਿੰਸਾ ਦਾ ਸ਼ਿਕਾਰ ਬਣੇ। ਸਭ ਤੋਂ ਮਾੜਾ ਦੌਰ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਆਇਆ, ਜਦੋਂ ਸਾਲਾਨਾ ਮੌਤਾਂ ਦਾ ਅੰਕੜਾ 4,000 ਤੋਂ ਪਾਰ ਹੋ ਗਿਆ, 1991 ਵਿੱਚ 5,265 ਦੇ ਸਿਖਰ 'ਤੇ ਪਹੁੰਚਿਆ ਅਤੇ 1992 ਵਿੱਚ 3,883 ਰਿਹਾ। ਇਹ ਅੰਕੜੇ ਸਿਰਫ਼ ਇੱਕ ਬਗ਼ਾਵਤ ਦੇ ਉਭਾਰ ਅਤੇ ਪਤਨ ਦੀ ਕਹਾਣੀ ਨਹੀਂ ਦੱਸਦੇ, ਸਗੋਂ ਇਹ ਵੀ ਸਾਬਤ ਕਰਦੇ ਹਨ ਕਿ ਇਸ ਹਿੰਸਾ ਦਾ ਸਭ ਤੋਂ ਵੱਡਾ ਨੁਕਸਾਨ ਪੰਜਾਬੀਆਂ ਨੇ ਆਪ ਝੱਲਿਆ। ਇਹ ਉਹ ਦੌਰ ਸੀ, ਜਦੋਂ ਆਮ ਪੰਜਾਬੀਆਂ ਨੇ ਕਤਲਾਂ, ਜ਼ਬਰਦਸਤੀ ਵਸੂਲੀ, ਬੰਬ ਧਮਾਕਿਆਂ, ਡਰਾਉਣ-ਧਮਕਾਉਣ ਅਤੇ ਨਾਗਰਿਕ ਜੀਵਨ ਦੀ ਤਬਾਹੀ ਰਾਹੀਂ ਕਾਂਗਰਸ ਬਨਾਮ ਕੱਟੜਪੰਥੀ ਰਾਜਨੀਤੀ ਦੀ ਕੀਮਤ ਅਦਾ ਕੀਤੀ। ਇਸ ਲਈ ਵੱਖਵਾਦੀ ਬਿਆਨਬਾਜ਼ੀ ਨੂੰ ਸਾਫ਼-ਸੁਥਰਾ ਦਿਖਾਉਣ ਦੀ ਕਿਸੇ ਵੀ ਕੋਸ਼ਿਸ਼ ਤੋਂ ਪਹਿਲਾਂ ਇਹ ਤੱਥ ਮੰਨਣਾ ਪਵੇਗਾ ਕਿ ਉਸ ਦੌਰ ਵਿੱਚ ਹਿੰਸਾ ਦੇ ਸਭ ਤੋਂ ਵੱਡੇ ਸ਼ਿਕਾਰ ਚਾਹੇ ਹਿੰਦੂ ਹੋਣ ਜਾਂ ਸਿੱਖ ਅਸਲ ਵਿੱਚ ਪੰਜਾਬੀ ਹੀ ਸਨ। ਇਸ ਲਈ ਅੱਜ ਜੋ ਲੋਕ ਇਸ ਨੂੰ "ਭਾਵਨਾਤਮਕ ਰਾਜਨੀਤੀ" ਜਾਂ "ਸਵੈ-ਨਿਰਧਾਰਨ" ਦਾ ਨਾਅਰਾ ਬਣਾ ਕੇ ਪੇਸ਼ ਕਰਦੇ ਹਨ, ਉਹ ਅਸਲ ਵਿੱਚ ਇਤਿਹਾਸਕ ਸਚਾਈ ਤੋਂ ਮੂੰਹ ਫੇਰਨ ਦੀ ਗੁਸਤਾਖ਼ੀ ਕਰ ਰਹੇ ਹਨ।

ਅੰਤਰਰਾਸ਼ਟਰੀ ਪੱਧਰ 'ਤੇ, ਅਤੇ ਖ਼ਾਸ ਕਰਕੇ ਕੈਨੇਡਾ ਵਿੱਚ ਵੀ, ਇਸ ਦਾ ਭਿਆਨਕ ਰਿਕਾਰਡ ਮੌਜੂਦ ਹੈ। 23 ਜੂਨ 1985 ਨੂੰ ਏਅਰ ਇੰਡੀਆ ਦੀ ਕਨਿਸ਼ਕ ਫਲਾਈਟ 182 ਨੂੰ ਉਡਾਉਣ ਦੀ ਖ਼ੂਨੀ ਸਾਜ਼ਿਸ਼, ਜਿਸ ਵਿੱਚ 268 ਕੈਨੇਡੀਅਨ ਨਾਗਰਿਕਾਂ ਸਮੇਤ 329 ਬੇਗੁਨਾਹ ਲੋਕ ਮਾਰੇ ਗਏ, ਕੈਨੇਡੀਅਨ ਧਰਤੀ ਤੋਂ ਹੀ ਰਚੀ ਗਈ ਅਤੇ ਅੰਜਾਮ ਤੱਕ ਪਹੁੰਚਾਈ ਗਈ। ਇਹ ਕੈਨੇਡਾ ਦੇ ਇਤਿਹਾਸ ਦਾ ਸਭ ਤੋਂ ਵੱਡਾ ਆਤੰਕਵਾਦੀ ਹਮਲਾ ਸੀ। ਇਹ ਤੱਥ ਸਪਸ਼ਟ ਕਰਦਾ ਹੈ ਕਿ ਇਹ ਮਸਲਾ ਸਿਰਫ਼ ਨਾਅਰਿਆਂ, ਪੋਸਟਰਾਂ ਜਾਂ ਪ੍ਰਤੀਕਾਂ ਤੱਕ ਸੀਮਿਤ ਨਹੀਂ, ਸਗੋਂ ਨੰਗੀ ਹਿੰਸਾ ਵਿੱਚ ਬਦਲ ਸਕਦਾ ਹੈ। ਕੈਨੇਡਾ ਵਿੱਚ ਇਹ ਬਹਿਸ ਤਾਂ ਕਾਫ਼ੀ ਪਹਿਲਾਂ ਹੀ ਖ਼ਤਮ ਹੋ ਜਾਣੀ ਚਾਹੀਦੀ ਸੀ ਕਿ ਖਾਲਿਸਤਾਨੀ ਕੱਟੜਵਾਦ ਸਿਰਫ਼ ਇੱਕ ਪ੍ਰਤੀਕਾਤਮਿਕ ਪ੍ਰਦਰਸ਼ਨ ਹੈ; ਸੱਚ ਇਹ ਹੈ ਕਿ ਇਸ ਨੇ ਵੱਡੇ ਪੱਧਰ 'ਤੇ ਖ਼ੂਨ-ਖ਼ਰਾਬੇ ਨੂੰ ਜਨਮ ਦਿੱਤਾ ਹੈ।

ਪਰ ਹੁਣ ਕੈਨੇਡਾ ਨੂੰ ਵੀ ਇਸ ਦੀ ਸਮਝ ਲੱਗ ਰਹੀ ਹੈ। ਮਾਰਚ 2026 ਵਿੱਚ ਕੈਨੇਡੀਅਨ ਸੰਸਦ ਨੇ ਛੋਮਬਓਟਿਨਗ੍ਹਓਟਇ ਅਚਟ, ਅਰਥਾਤ ਬਿਲ ਸੀ-9, ਪਾਸ ਕੀਤਾ, ਜਿਸ ਦੇ ਅਧੀਨ ਖਾਲਿਸਤਾਨੀ ਦਹਿਸ਼ਤਗਰਦ ਸੰਸਥਾਵਾਂ ਨਾਲ ਜੁੜੇ ਝੰਡਿਆਂ ਜਾਂ ਨਿਸ਼ਾਨਾਂ ਦਾ ਪ੍ਰਚਾਰ ਜੇਕਰ ਉਹ ਨਫ਼ਰਤ ਫੈਲਾਉਣ ਲਈ ਵਰਤੇ ਜਾਣ ਅਪਰਾਧ ਘੋਸ਼ਿਤ ਕੀਤਾ ਗਿਆ।

ਇਸੇ ਤਰ੍ਹਾਂ 2025 ਅਤੇ 2026 ਦੀ ਸ਼ੁਰੂਆਤ ਵਿੱਚ ਕੈਨੇਡਾ ਦੀ ਸਰਕਾਰ ਅਤੇ ਸੁਰੱਖਿਆ ਏਜੰਸੀ ਕੈਨੇਡੀਅਨ ਸਿਕਿਉਰਿਟੀ ਇੰਟੈਲੀਜੈਂਸ ਸਰਵਿਸ ਨੇ ਆਪਣੀਆਂ ਰਿਪੋਰਟਾਂ ਵਿੱਚ ਅਧਿਕਾਰਕ ਤੌਰ 'ਤੇ ਮੰਨਿਆ ਕਿ ਕੈਨੇਡਾ ਵਿੱਚ ਖਾਲਿਸਤਾਨੀ ਗਿਰੋਹ ਮੌਜੂਦ ਹਨ, ਜੋ ਭਾਰਤ ਵਿੱਚ ਹਿੰਸਾ ਨੂੰ ਉਤਸ਼ਾਹਿਤ ਕਰਨ, ਫੰਡਿੰਗ ਕਰਨ ਅਤੇ ਯੋਜਨਾਬੰਦੀ ਲਈ ਕੈਨੇਡਾ ਦੀ ਧਰਤੀ ਦੀ ਨਾ ਕੇਵਲ ਵਰਤੋਂ ਕਰ ਰਹੇ ਹਨ, ਸਗੋਂ "ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹਿੰਸਕ ਅਤਿਵਾਦ" ਵਿੱਚ ਵੀ ਸ਼ਾਮਲ ਹਨ ਅਤੇ ਦੇਸ਼ ਦੀ ਸੁਰੱਖਿਆ ਲਈ ਖ਼ਤਰਾ ਬਣੇ ਹੋਏ ਹਨ।

ਹਾਲੀਆ ਰਿਪੋਰਟਾਂ ਅਤੇ ਜਾਂਚਾਂ ਨੇ ਇਹ ਵੀ ਦਰਸਾਇਆ ਹੈ ਕਿ ਇਹ ਹਿੰਸਕ ਅਤੇ ਵੱਖਵਾਦੀ ਤੱਤ ਕੈਨੇਡੀਅਨ ਸੰਸਥਾਵਾਂ ਨਾਲ ਜੁੜ ਕੇ ਕੰਮ ਕਰ ਰਹੇ ਹਨ। ਜੋ ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਚੈਰਿਟੀ ਢਾਂਚਿਆਂ ਦਾ ਦੁਰਉਪਯੋਗ ਕਰਕੇ ਆਪਣੇ ਏਜੰਡੇ ਲਈ ਪੈਸਾ ਇਕੱਠਾ ਕਰਦੇ ਹਨ। ਕੈਨੇਡਾ ਦੇ ਡਿਪਾਰਟਮੈਂਟ ਆਫ਼ ਫ਼ਾਈਨੈਂਸ ਦੀ ਰਿਪੋਰਟ 2025 Assessment of Money Laundeirng and Terroirst Financingi Rsks in Canada ਵਿੱਚ ਸਪਸ਼ਟ ਤੌਰ 'ਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਅਤੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੂੰ ਅਜਿਹੀਆਂ ਦਹਿਸ਼ਤਗਰਦ ਸੰਸਥਾਵਾਂ ਵਜੋਂ ਦਰਸਾਇਆ ਗਿਆ ਹੈ, ਜਿਨ੍ਹਾਂ ਨੂੰ ਕੈਨੇਡਾ ਦੇ ਅੰਦਰੋਂ ਹੀ ਵਿੱਤੀ ਸਹਾਇਤਾ ਮਿਲ ਰਹੀ ਹੈ। ਇਨ੍ਹਾਂ ਇਕਾਈਆਂ ਨੂੰ ਫੰਡਿੰਗ ਨਾਲ ਜੋੜਿਆ ਜਾਣਾ ਇਹ ਦਰਸਾਉਂਦਾ ਹੈ ਕਿ ਮਸਲਾ ਸਿਰਫ਼ ਭਾਸ਼ਣਾਂ ਜਾਂ ਨਾਅਰਿਆਂ ਦਾ ਨਹੀਂ, ਸਗੋਂ ਸੰਗਠਿਤ ਤੌਰ 'ਤੇ ਚੱਲਦੇ ਢਾਂਚਿਆਂ ਦਾ ਹੈ।

ਕੈਨੇਡਾ ਦੇ ਕੁਝ ਗੁਰਦੁਆਰਿਆਂ ਵਿੱਚ ਖਾਲਿਸਤਾਨੀ ਪ੍ਰਚਾਰ ਅਤੇ ਨੌਜਵਾਨਾਂ ਨੂੰ ਕੱਟੜਵਾਦ ਵੱਲ ਧੱਕਣ ਦੇ ਦੋਸ਼ ਸਾਹਮਣੇ ਆਏ ਹਨ, ਹਾਲਾਂਕਿ ਇਹ ਵੀ ਉਤਨਾ ਹੀ ਸੱਚ ਹੈ ਕਿ ਕੈਨੇਡਾ ਦੇ ਬਹੁਤ ਵੱਡੇ ਹਿੱਸੇ ਦੇ ਸਿੱਖ ਇਸ ਵਿਚਾਰਧਾਰਾ ਦਾ ਸਮਰਥਨ ਨਹੀਂ ਕਰਦੇ। ਗੁਰਦੁਆਰਿਆਂ ਵਿੱਚ, ਜਿੱਥੇ ਸੰਗਤ ਨੂੰ ਜੋੜਨ ਦੀ ਗੱਲ ਹੋਣੀ ਚਾਹੀਦੀ ਸੀ, ਉੱਥੇ ਡਰ ਅਤੇ ਧੜੇਬੰਦੀ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਜਿੱਥੇ ਗੁਰੂ ਘਰ ਵਿੱਚ ਨਿਮਰਤਾ, ਸੇਵਾ ਅਤੇ ਸਾਂਝ ਦਾ ਸੰਦੇਸ਼ ਹੋਣਾ ਚਾਹੀਦਾ ਸੀ, ਉੱਥੇ ਵਿਚਾਰਧਾਰਕ ਗਿਰੋਹਬੰਦੀ ਆਪਣਾ ਡੇਰਾ ਲਗਾ ਬੈਠੀ ਹੈ। ਇਹ ਸਿਰਫ਼ ਧਾਰਮਿਕ ਸੰਸਥਾਵਾਂ ਨਾਲ ਹੀ ਨਹੀਂ, ਸਗੋਂ ਸੰਗਤ ਦੇ ਵਿਸ਼ਵਾਸ ਨਾਲ ਵੀ ਧੋਖਾ ਹੈ। ਖਾਲਿਸਤਾਨੀ ਸਰਗਰਮੀਆਂ ਨੇ ਕੈਨੇਡਾ ਦੀ ਰਾਜਨੀਤੀ ਵਿੱਚ ਜਿਵੇਂ ਪਹੁੰਚ ਬਣਾਈ ਹੈ। ਆਲੋਚਕ ਇਸ ਨੂੰ "ਲਾਂਗ-ਡਿਸਟੈਂਸ ਨੈਸ਼ਨਲਿਜ਼ਮ" ਕਹਿੰਦੇ ਹਨ—ਅਰਥਾਤ ਵਿਦੇਸ਼ ਵਿੱਚ ਬੈਠ ਕੇ ਕਿਸੇ ਹੋਰ ਦੇਸ਼ ਦੀ ਰਾਜਨੀਤੀ, ਸੁਰੱਖਿਆ ਅਤੇ ਮਨੋਵਿਗਿਆਨ 'ਤੇ ਅਸਰ ਪਾਉਣ ਦੀ ਕੋਸ਼ਿਸ਼।

ਸਭ ਤੋਂ ਹੈਰਾਨੀਜਨਕ ਗੱਲ ਇਹ ਹੈ ਕਿ ਇੱਕ ਪਾਸੇ ਕੈਨੇਡਾ ਆਪਣੇ ਦੇਸ਼ ਵਿੱਚ ਖਾਲਿਸਤਾਨੀ ਸਮਰਥਕ ਗਿਰੋਹਾਂ ਦੀ ਮੌਜੂਦਗੀ ਨੂੰ ਮੰਨਦਾ ਹੈ, ਤੇ ਦੂਜੇ ਪਾਸੇ ਇਨ੍ਹਾਂ ਹੀ ਧਿਰਾਂ ਦੇ ਦਬਾਅ ਹੇਠ ਭਾਰਤੀ ਏਜੰਸੀਆਂ ਉੱਤੇ ਅਜਿਹੇ ਦੋਸ਼ ਲਗਾਉਂਦਾ ਹੈ, ਜਿਨ੍ਹਾਂ ਵਿੱਚ ਕੈਨੇਡਾ ਵਿੱਚ ਪ੍ਰੋ-ਖ਼ਾਲਿਸਤਾਨ ਤੱਤਾਂ ਖ਼ਿਲਾਫ਼ ਹੱਤਿਆਵਾਂ ਅਤੇ ਜ਼ਬਰਦਸਤੀ ਵਸੂਲੀ ਵਰਗੀਆਂ ਗਤੀਵਿਧੀਆਂ ਦੇ ਇਲਜ਼ਾਮ ਸ਼ਾਮਲ ਹਨ। ਇਹ ਦੋਹਰਾ ਮਾਪਦੰਡ ਵੀ ਅੰਤਰਰਾਸ਼ਟਰੀ ਪੱਧਰ 'ਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਅਫ਼ਸੋਸ ਕਿ ਪੱਛਮੀ ਸੰਸਾਰ ਦੇ ਕਈ ਹਿੱਸੇ ਇਸ ਮਸਲੇ ਨੂੰ ਲੰਮੇ ਸਮੇਂ ਤੱਕ ਸਿਰਫ਼ ਭਾਰਤ-ਕੈਨੇਡਾ ਕੂਟਨੀਤਕ ਤਣਾਅ ਵਜੋਂ ਹੀ ਵੇਖ ਰਹੇ ਹਨ।

ਭਾਰਤ ਦੀ ਕਾਨੂੰਨੀ ਪ੍ਰਤੀਕਿਰਿਆ ਵੀ ਇਸੇ ਖ਼ਤਰੇ ਦੀ ਪਹਿਚਾਣ 'ਤੇ ਆਧਾਰਿਤ ਹੈ। ਸ਼ਿਕਹਸ ਡੋਰ ਝੁਸਟਿਚਏ 'ਤੇ ਪਾਬੰਦੀ, ਬੱਬਰ ਖ਼ਾਲਸਾ ਨਾਲ ਜੁੜੇ ਮਾਡਿਊਲਾਂ 'ਤੇ ਕਾਰਵਾਈ, ਸਰਹੱਦ ਪਾਰ ਹਥਿਆਰ-ਤਸਕਰੀ ਅਤੇ ਡਰੋਨ ਨੈੱਟਵਰਕਾਂ ਦਾ ਪਰਦਾਫਾਸ਼—ਇਹ ਸਭ ਕੁਝ ਇੱਕੋ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਅੱਜ ਦਾ ਖ਼ਤਰਾ 1980 ਦੇ ਦਹਾਕੇ ਦੀ ਯਾਦ ਨਹੀਂ, ਸਗੋਂ ਮੌਜੂਦਾ ਸੁਰੱਖਿਆ ਹਕੀਕਤ ਹੈ। ਭਾਰਤ ਨੂੰ ਇਤਰਾਜ਼ ਧਾਰਮਿਕ ਵਕਾਲਤ ਨਾਲ ਨਹੀਂ, ਬਲਕਿ ਉਨ੍ਹਾਂ ਗਤੀਵਿਧੀਆਂ ਨਾਲ ਹੈ, ਜੋ ਭਾਰਤ ਦੀ ਪ੍ਰਭੂਸੱਤਾ, ਅਖੰਡਤਾ ਅਤੇ ਅੰਦਰੂਨੀ ਸੁਰੱਖਿਆ ਲਈ ਨੁਕਸਾਨਦੇਹ ਮੰਨੀਆਂ ਜਾਂਦੀਆਂ ਹਨ। ਕਾਨੂੰਨੀ ਭਾਸ਼ਾ ਦੇ ਘੇਰੇ 'ਤੇ ਵੱਖ-ਵੱਖ ਰਾਏ ਹੋ ਸਕਦੀਆਂ ਹਨ, ਪਰ ਮੁੱਖ ਨੁਕਤਾ ਨਹੀਂ ਬਦਲਦਾ । ਭਾਰਤ ਇੱਕ ਅਜਿਹੀ ਵੱਖਵਾਦੀ ਪ੍ਰਣਾਲੀ ਦਾ ਜਵਾਬ ਦੇ ਰਿਹਾ ਹੈ, ਜਿਸ ਨਾਲ ਵਾਰ-ਵਾਰ ਉਕਸਾਵਾਂ, ਅਸਥਿਰਤਾ ਅਤੇ ਹਿੰਸਾ ਦੀ ਹਮਾਇਤ ਜੁੜੀ ਰਹੀ ਹੈ।

ਹੁਣ ਹਾਲਾਤ ਹੋਰ ਵੀ ਗੰਭੀਰ ਹੋ ਗਏ ਹਨ। ਆਈਐਸਆਈ-ਸਪਾਂਸਰ ਤੱਤ ਅਤੇ ਖਾਲਿਸਤਾਨੀ ਹਿੰਸਕ ਨੈੱਟਵਰਕ ਸਿਰਫ਼ ਵਿਚਾਰਧਾਰਕ ਜ਼ਹਿਰ ਹੀ ਨਹੀਂ ਫੈਲਾ ਰਹੇ, ਸਗੋਂ ਇਕ ਵਾਰ ਫਿਰ ਜ਼ਮੀਨੀ ਹਮਲਿਆਂ ਤੱਕ ਵੀ ਉਤਰ ਆਏ ਹਨ। ਬੀਤੇ ਦਿਨੀਂ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਦਫ਼ਤਰ 'ਤੇ ਗ੍ਰਨੇਡ ਹਮਲਾ ਕੀਤਾ ਗਿਆ।

ਇਹ ਹਮਲੇ ਸਿਰਫ਼ ਇਮਾਰਤਾਂ 'ਤੇ ਨਹੀਂ ਹੁੰਦੇ—ਇਹ ਰਾਜ ਦੀ ਅਥਾਰਿਟੀ, ਲੋਕਤੰਤਰੀ ਢਾਂਚੇ ਅਤੇ ਜਨ-ਮਾਨਸ ਦੇ ਵਿਸ਼ਵਾਸ 'ਤੇ ਹਮਲੇ ਹੁੰਦੇ ਹਨ। ਰਾਜਨੀਤਿਕ ਦਫ਼ਤਰ 'ਤੇ ਗ੍ਰਨੇਡ ਸੁੱਟਣਾ ਲੋਕਤੰਤਰ ਨੂੰ ਡਰਾਉਣ ਦੀ ਕੋਸ਼ਿਸ਼ ਹੈ। ਇਸੇ ਤਰ੍ਹਾਂ ਪਿਛਲੇ ਮਹੀਨੇ ਇਕ ਸਰਹੱਦੀ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਉਂਦਿਆਂ ਇਕ ਏ.ਐੱਸ.ਆਈ. ਸਮੇਤ ਇਕ ਪੁਲੀਸ ਕਰਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸੁਰੱਖਿਅਤ ਪੁਲੀਸ ਖ਼ੁਫ਼ੀਆ ਹੈੱਡਕੁਆਰਟਰ, ਪੁਲਿਸ ਥਾਣਿਆਂ ਅਤੇ ਚੌਕੀਆਂ 'ਤੇ ਹਮਲੇ ਸੁਰੱਖਿਆ ਤੰਤਰ ਨੂੰ ਚੁਨੌਤੀ ਹਨ। ਅਜਿਹੀਆਂ ਵਾਰਦਾਤਾਂ ਇਸ ਗੱਲ ਨੂੰ ਪੁਖ਼ਤਾ ਬਣਾਉਂਦੀਆਂ ਹਨ ਕਿ ਸਰਹੱਦ ਪਾਰੋਂ ਚਲਾਇਆ ਜਾ ਰਿਹਾ ਨਸ਼ੇ, ਹਥਿਆਰਾਂ, ਡਰੋਨਾਂ, ਗ੍ਰਨੇਡਾਂ ਅਤੇ ਪ੍ਰਚਾਰ ਦਾ ਜਾਲ ਪੰਜਾਬ ਦੀ ਧਰਤੀ ਨੂੰ ਮੁੜ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਹੁਣ ਇਸ ਨੂੰ ਸਿਰਫ਼ "ਫ੍ਰਿੰਜ ਐਕਟਿਵਿਟੀ" ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਜਦੋਂ ਇਹ ਸਭ ਕੁਝ ਉਸੇ ਸਮੇਂ ਹੋਵੇ, ਜਦੋਂ ਵਿਦੇਸ਼ੀ ਧਰਤੀ 'ਤੇ ਬੈਠੇ ਕੁਝ ਕੱਟੜ ਗਿਰੋਹ ਗੁਰਦੁਆਰਿਆਂ, ਕਮਿਊਨਿਟੀ ਸੰਸਥਾਵਾਂ ਅਤੇ ਪਰਵਾਸੀ ਸਿੱਖ ਭਾਈਚਾਰੇ ਦੇ ਅੰਦਰ ਪ੍ਰਭਾਵ ਲਈ ਲੜ ਰਹੇ ਹੋਣ, ਤਾਂ ਤਸਵੀਰ ਹੋਰ ਵੀ ਸਪਸ਼ਟ ਹੋ ਜਾਂਦੀ ਹੈ—ਇਹ ਸਿਰਫ਼ ਵਿਚਾਰਧਾਰਾ ਨਹੀਂ, ਇਹ ਇੱਕ ਦੂਜੇ ਨਾਲ ਜੁੜਿਆ ਹੋਇਆ ਨੈੱਟਵਰਕ ਹੈ।

ਕੱਟੜਪੰਥੀ ਰਾਜਨੀਤੀ ਸਿਰਫ਼ ਉਸ ਰਾਜ ਦਾ ਵਿਰੋਧ ਕਰਕੇ ਜਿਊਂਦੀ ਨਹੀਂ ਰਹਿੰਦੀ, ਜਿਸ ਦਾ ਉਹ ਵਿਰੋਧ ਕਰਦੀ ਹੈ; ਇਹ ਉਸ ਭਾਈਚਾਰੇ 'ਤੇ ਕਬਜ਼ਾ ਕਰਕੇ ਵੀ ਮਜ਼ਬੂਤ ਹੋਣ ਦੀ ਖ਼ਾਹਿਸ਼ਮੰਦ ਹੈ, ਜਿਸ ਦੀ ਇਹ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੀ ਹੈ। ਗੁਰਦੁਆਰਾ-ਕੇਂਦਰਿਤ ਭਾਈਚਾਰਕ ਜੀਵਨ ਵਿੱਚ ਇਹ ਹੋਰ ਵੀ ਖ਼ਤਰਨਾਕ ਹੈ, ਕਿਉਂਕਿ ਧਾਰਮਿਕ ਸੰਸਥਾਵਾਂ ਮਰਯਾਦਾ ਨਾਲ ਚਲਦੀਆਂ ਹਨ; ਇਸ ਲਈ ਉਨ੍ਹਾਂ ਨੂੰ ਕਦੇ ਵੀ ਵਿਚਾਰਧਾਰਕ ਡਰਾਵੇ, ਦਬਾਅ ਜਾਂ ਗਿਰੋਹਬੰਦੀ ਦੇ ਸਾਧਨ ਵਿੱਚ ਨਹੀਂ ਬਦਲਣ ਦੇਣਾ ਚਾਹੀਦਾ।

ਕੈਨੇਡਾ ਵਿੱਚ ਉੱਭਰਿਆ ਇਹ ਵਿਵਾਦ ਵਿਸ਼ੇਸ਼ ਧਿਆਨ ਮੰਗਦਾ ਹੈ ਅਤੇ ਇਹ ਇਸ਼ਾਰਾ ਕਰਦਾ ਹੈ ਕਿ ਕੈਨੇਡਾ ਦੀ ਧਰਤੀ ਹੁਣ ਸਿਰਫ਼ ਡਾਇਸਪੋਰਾ ਰਾਜਨੀਤੀ ਦਾ ਕੇਂਦਰ ਨਹੀਂ ਰਹੀ, ਸਗੋਂ ਇੱਕ ਅਜਿਹਾ ਮੰਚ ਬਣਦੀ ਜਾ ਰਹੀ ਹੈ, ਜਿੱਥੇ ਕੁਝ ਵੱਖਵਾਦੀ ਗਿਰੋਹ ਪ੍ਰਚਾਰ, ਫੰਡਿੰਗ ਅਤੇ ਯੋਜਨਾਬੰਦੀ ਕਰ ਰਹੇ ਹਨ। ਜਦੋਂ ਡਾਇਸਪੋਰਾ ਦੇ ਅੰਦਰੋਂ ਹੀ ਡਰਾਉਣ-ਧਮਕਾਉਣ, ਸੰਸਥਾਵਾਂ ਦੀ ਦੁਰਵਰਤੋਂ ਅਤੇ ਅਸਹਿਮਤੀ ਵਿਰੁੱਧ ਕਾਰਵਾਈ ਦੇ ਦੋਸ਼ ਸਾਹਮਣੇ ਆ ਰਹੇ ਹੋਣ, ਤਾਂ ਇਹ ਮੁੱਦਾ ਕਿਸੇ ਇੱਕ ਧਿਰ ਜਾਂ ਇੱਕ ਘਟਨਾ ਤੋਂ ਕਾਫ਼ੀ ਵੱਡਾ ਹੋ ਜਾਂਦਾ ਹੈ। ਕੈਨੇਡਾ ਵਿੱਚ ਧਿਰਾਂ ਦਾ ਇਕ-ਦੂਜੇ ਨਾਲ ਭਿੜਨਾ ਸਿਰਫ਼ ਇੱਕ ਵਾਰਦਾਤ ਨਹੀਂ, ਇਹ ਇੱਕ ਵੱਡੇ ਅਤੇ ਡੂੰਘੇ ਖ਼ਤਰੇ ਦੀ ਨਿਸ਼ਾਨੀ ਹੈ।

ਇਸ ਮਾਮਲੇ ਵਿੱਚ ਦੋ ਗੱਲਾਂ ਬਹੁਤ ਜ਼ਰੂਰੀ ਹਨ। ਪਹਿਲੀ—ਸਿੱਖ ਭਾਈਚਾਰੇ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣਾ ਗ਼ਲਤ ਹੋਵੇਗਾ। ਦੂਜੀ—ਖਾਲਿਸਤਾਨੀ ਹਿੰਸਕ ਕੱਟੜਵਾਦ ਨੂੰ "ਛੋਟਾ ਮਸਲਾ" ਸਮਝ ਕੇ ਛੱਡ ਦੇਣਾ ਹੋਰ ਵੀ ਵੱਡੀ ਗ਼ਲਤੀ ਸਿੱਧ ਹੋਵੇਗੀ। ਕਿਉਂਕਿ ਜਿੱਥੇ ਸਮਾਜ ਚੁੱਪ ਰਹਿੰਦਾ ਹੈ, ਉੱਥੇ ਕੱਟੜਪੰਥੀ ਆਪਣੀਆਂ ਜੜ੍ਹਾਂ ਹੋਰ ਡੂੰਘੀਆਂ ਕਰ ਲੈਂਦੇ ਹਨ।

ਅਸਲ ਸਵਾਲ ਇਹ ਨਹੀਂ ਕਿ ਕਿੰਨੇ ਲੋਕ ਨਾਅਰੇ ਲਗਾਉਂਦੇ ਹਨ। ਅਸਲ ਸਵਾਲ ਇਹ ਹੈ ਕਿ ਕੀ ਲੋਕਤੰਤਰੀ ਸਮਾਜ ਅਜਿਹੀ ਹਿੰਸਕ ਰਾਜਨੀਤੀ ਨੂੰ ਧਰਮ, ਪਹਿਚਾਣ ਅਤੇ ਅਧਿਕਾਰਾਂ ਦੀ ਭਾਸ਼ਾ ਦੀ ਢਾਲ ਹੇਠ ਅੱਗੇ ਵਧਣ ਦੇਣਗੇ? ਕੀ ਗੁਰਦੁਆਰੇ ਕਮਿਊਨਿਟੀ ਦੇ ਕੇਂਦਰ ਰਹਿਣਗੇ ਜਾਂ ਗਿਰੋਹਬੰਦੀ ਦੇ ਅੱਡੇ ਬਣਨ ਦਿੱਤੇ ਜਾਣਗੇ? ਕੀ ਕੈਨੇਡਾ ਦੀ ਧਰਤੀ ਆਜ਼ਾਦੀ ਦਾ ਮੰਚ ਰਹੇਗੀ ਜਾਂ ਭਾਰਤ-ਵਿਰੋਧੀ ਹਿੰਸਾ ਦੀ ਪਿਛਲੀ ਲਾਈਨ? ਕੀ ਪੰਜਾਬ ਨੂੰ ਮੁੜ ਖ਼ੂਨ ਅਤੇ ਬਾਰੂਦ ਦੇ ਸਾਏ ਵਿੱਚ ਧੱਕਣ ਦੀਆਂ ਕੋਸ਼ਿਸ਼ਾਂ ਨੂੰ ਸਿਰਫ਼ "ਪਰਵਾਸੀ ਰਾਜਨੀਤੀ" ਕਹਿ ਕੇ ਟਾਲ ਦਿੱਤਾ ਜਾਵੇਗਾ?

ਚੁੱਪ ਰਹਿਣਾ ਇਸ ਸਮੱਸਿਆ ਦਾ ਹੱਲ ਨਹੀਂ। ਜਦੋਂ ਵੱਖਵਾਦ ਧਾਰਮਿਕ ਸੰਸਥਾਵਾਂ ਦੀ ਢਾਲ ਲੈ ਲੈਂਦਾ ਹੈ, ਵਿਦੇਸ਼ੀ ਸਹਾਇਤਾ ਨਾਲ ਮਜ਼ਬੂਤ ਹੁੰਦਾ ਹੈ ਅਤੇ ਕਮਿਊਨਿਟੀ ਦੇ ਅੰਦਰ ਹੀ ਡਰ ਦਾ ਮਾਹੌਲ ਬਣਾਉਂਦਾ ਹੈ, ਤਾਂ ਚੁੱਪੀ ਇਕ ਤਰ੍ਹਾਂ ਦੀ ਇਜਾਜ਼ਤ ਬਣ ਜਾਂਦੀ ਹੈ।


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਿਹ॥



# ਜਸਵਿੰਦਰ ਕੌਰ

ਆਪ ਸਾਰੇ ਸਨੇਹੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਸਤਿਕਾਰਯੋਗ
**ਮਾਤਾ ਜਸਵਿੰਦਰ ਕੌਰ ਜੀ** ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ
ਉਹਨਾਂ ਦੀ ਮਿੱਠੀ ਪਿਆਰੀ ਯਾਦ ਵਿੱਚ

ਗੁਰਦੁਆਰਾ ਗੁਰੂ ਅੰਗਦ ਦਰਬਾਰ : 8100 Stine Road Bakersfield CA 93313 ਵਿਖੇ

**10 ਅਪਰੈਲ ਸ਼ੁਕਰਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ

**12 ਅਪ੍ਰੈਲ ਦਿਨ ਐਤਵਾਰ ਨੂੰ**
ਸ਼੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ

ਉਪਰੰਤ ਗੁਰਮਤ ਸਮਾਗਮ ਹੋਣਗੇ। ਜਿਸ ਵਿੱਚ ਗੁਰਬਾਣੀ ਕਥਾ ਕੀਰਤਨ ਦੇ ਪ੍ਰਵਾਹ ਚੱਲਣਗੇ।


## ਗੁਰੂ ਕੇ ਲੰਗਰਾਂ ਦੀਆਂ ਸੇਵਾਵਾਂ ਹੋਣਗੀਆਂ ।

ਆਪ ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਆਪ ਜੀ ਨੇ ਇਹਨਾਂ ਸਮਾਗਮਾਂ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।

ਦੁੱਖੀ ਹਿਰਦੇ ਨਾਲ

Ajit Singh Tut (661) 440-1466 | Jagmohan Singh (661) 425-0000
Jasbir Singh (661) 333-0659 | Manjit Singh

ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥੧੨॥



ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St. Stockton CA95206 (A Historical Land Mark of CA)

ਖਾਲਸਾ ਪੰਥ ਦੇ ਸਾਜਨਾ ਦਿਵਸ – ਵਿਸਾਖੀ ਨੂੰ ਸਮਰਪਿਤ

# 21ਵਾਂ ਮਹਾਨ ਨਗਰ ਕੀਰਤਨ

19 ਅਪ੍ਰੈਲ 2026 (ਐਤਵਾਰ)

## ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 19 ਅਪ੍ਰੈਲ 5 ਤੋਂ 9 ਵਜੇ ਤੱਕ

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 19 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 327ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ।



**ਸਵੇਰੇ 11:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਦੀ ਸ਼ੁਰੂਆਤ ਹੋਵੇਗੀ**



ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ (ਸ੍ਰੀ ਫ਼ਤਹਿਗੜ੍ਹ ਸਾਹਿਬ)



ਢਾਢੀ ਫੌਜਾ ਸਿੰਘ ਸਾਗਰ



ਭਾਈ ਗੁਰਕਿਰਤ ਸਿੰਘ ਜੀ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)



ਭਾਈ ਬਲਵਿੰਦਰ ਸਿੰਘ ਲੋਪਕੇ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)



ਕਵੀਸ਼ਰੀ ਜਥਾ ਭਾਈ ਮਹਿਲ ਸਿੰਘ (ਚੰਡੀਗੜ੍ਹ ਵਾਲੇ)



ਗਿਆਨੀ ਗੁਰਸੇਵਕ ਸਿੰਘ ਜੀ (ਹੈਡ ਗ੍ਰੰਥੀ, ਗੁਰਦੁਆਰਾ ਸਾਹਿਬ ਸਟਾਕਟਨ)

## ਸੇਵਾਵਾਂ ਲਈ ਸੰਪਰਕ

**ਫਲੈਟਾਂ ਦੀ ਸੇਵਾ**
ਭਾਈ ਗੁਲਵਿੰਦਰ ਸਿੰਘ ਭਿੰਦਾ (209) 487-3699
ਭਾਈ ਸੰਦੀਪ ਸਿੰਘ (209) 513-0508

**ਲੰਗਰ ਸੇਵਾ**
ਭਾਈ ਗੁਰਚਰਨ ਸਿੰਘ (510) 432-4304
ਭਾਈ ਸੁਖਜਿੰਦਰ ਸਿੰਘ (209) 360-3142
ਭਾਈ ਗੁਰਇੰਦਰ ਸਿੰਘ (209) 993-4767

**ਦੁਕਾਨਾਂ ਦੀ ਜਾਣਕਾਰੀ**
ਭਾਈ ਪਰਮਜੀਤ ਸਿੰਘ ਨਿੱਝਰ (510) 377-5320
ਭਾਈ ਪ੍ਰਭਜੋਤ ਸਿੰਘ (510) 938-7840

**ਅੰਮ੍ਰਿਤ ਸੰਚਾਰ**
ਭਾਈ ਜਤਿੰਦਰ ਸਿੰਘ 'ਪੰਮਾ' (209) 993 7954

**ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਸੇਵਾ**
18 ਅਪ੍ਰੈਲ 2026 (ਸ਼ਨੀਵਾਰ)
ਸਵੇਰੇ 8:00 ਵਜੇ

**Parking Arrangement** » Fairgrounds, 1658 South Airport Way, Stockton, CA 95206
ਸੰਗਤਾਂ ਲਈ Bus & Van ਦੀ ਖਾਸ ਸੁਵਿਧਾ ਉਪਲਬਧ

ਸਭ ਸੰਗਤਾਂ ਨੂੰ ਬੇਨਤੀ:ਆਪਣੇ ਪਰਿਵਾਰਾਂ ਸਮੇਤ ਵੱਧ ਚੜ੍ਹਕੇ ਪਹੁੰਚੋ ਅਤੇ ਇਸ ਪਵਿੱਤਰ ਨਗਰ ਕੀਰਤਨ 'ਚ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਪੰਜਾਬ ਦੇ ਆਵਾਜਾਈ ਖੇਤਰ ਦੇ ਵਿਕਾਸ ਨੂੰ ਕੀਤਾ ਹੋਰ ਤੇਜ਼, ਭਗਵੰਤ ਸਿੰਘ ਮਾਨ ਨੇ ਪੀ.ਆਰ.ਟੀ.ਸੀ ਫਲੀਟ 'ਚ 250 ਨਵੀਆਂ ਬੱਸਾਂ ਨੂੰ ਦਿਖਾਈ ਹਰੀ ਝੰਡੀ

ਪਟਿਆਲਾ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਵਿਖੇ 250 ਨਵੀਆਂ ਪੀ.ਆਰ.ਟੀ.ਸੀ ਬੱਸਾਂ ਨੂੰ ਹਰੀ ਝੰਡੀ ਦਿਖਾਈ ਅਤੇ ਇਸਨੂੰ ਜਨਤਕ ਆਵਾਜਾਈ ਦੀ ਮਜ਼ਬੂਤੀ, ਰੋਜ਼ਗਾਰ ਉਤਪਤੀ ਅਤੇ ਪੰਜਾਬ ਭਰ 'ਚ ਵਿਕਾਸ ਦੀ ਗਤੀ ਨੂੰ ਤੇਜ਼ ਕਰਨ ਵੱਲ ਇੱਕ ਵੱਡਾ ਕਦਮ ਦੱਸਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁਨਿਆਦੀ ਢਾਂਚੇ ਦੇ ਵਿਸਥਾਰ ਅਤੇ ਲੋਕ-ਕੇਂਦ੍ਰਿਤ ਸ਼ਾਸਨ ਵੱਲ ਆਪਣੀ ਸਰਕਾਰ ਦੀ ਦੋਹਰੀ ਪਹੁੰਚ ਨੂੰ ਉਜਾਗਰ ਕੀਤਾ।ਬੱਸ ਫਲੀਟ ਵਿਚ ਵਾਧੇ ਦੇ ਵੇਰਵੇ ਸਾਂਝੇ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਪਟਿਆਲਾ ਵਿੱਚ 250 ਨਵੀਆਂ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਪੀ.ਆਰ.ਟੀ.ਸੀ ਫਲੀਟ ਵਿੱਚ ਸ਼ਾਮਲ ਕੀਤਾ ਗਿਆ। ਇਹ ਸਿਰਫ਼ ਆਵਾਜਾਈ ਸਹੂਲਤਾਂ ਵਿੱਚ ਸੁਧਾਰ ਨਹੀਂ, ਸਗੋਂ ਲੋਕਾਂ ਨੂੰ ਬਿਹਤਰ, ਸੁਰੱਖਿਅਤ ਅਤੇ ਵਧੇਰੇ ਆਰਾਮਦਾਇਕ ਯਾਤਰਾ ਪ੍ਰਦਾਨ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਨਾਲ ਜਨਤਕ ਆਵਾਜਾਈ ਮਜ਼ਬੂਤ ਹੋਵੇਗੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਆਉਣ ਵਾਲੇ ਦਿਨਾਂ ਵਿੱਚ 300 ਤੋਂ ਵੱਧ ਹੋਰ ਬੱਸਾਂ ਪੀ.ਆਰ.ਟੀ.ਸੀ. ਫਲੀਟ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਸਰਕਾਰ ਜਨਤਕ ਸਹੂਲਤ ਦੇ ਵਿਸਥਾਰ ਅਤੇ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਅੱਗੇ ਵਧਾਉਣ ਲਈ ਲਗਾਤਾਰ ਯਤਨਸ਼ੀਲ ਹੈ।

ਵਿਸਥਾਰ ਦੇ ਪੈਮਾਨੇ ਦੀ ਗੱਲ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਮਈ 2026 ਦੇ ਅੰਤ ਤੱਕ ਪੀ.ਆਰ.ਟੀ.ਸੀ. ਦੇ ਬੇੜੇ ਵਿੱਚ 254 ਸਧਾਰਨ ਅਤੇ 100 ਮਿੰਨੀ ਬੱਸਾਂ ਸ਼ਾਮਲ ਕੀਤੀਆਂ ਜਾਣਗੀਆਂ। ਉਨ੍ਹਾਂ ਇਹ ਵੀ ਕਿਹਾ ਕਿ 309 ਹੋਰ ਬੱਸਾਂ ਲਈ ਟੈਂਡਰ ਪਹਿਲਾਂ ਹੀ ਜਾਰੀ ਕੀਤੇ ਜਾ ਚੁੱਕੇ ਹਨ, ਜਿਸ ਨਾਲ ਸੂਬੇ ਦੇ ਟਰਾਂਸਪੋਰਟ ਨੈੱਟਵਰਕ ਨੂੰ ਵੱਡੀ ਮਜ਼ਬੂਤੀ ਮਿਲੇਗੀ।

ਰੁਜ਼ਗਾਰ ਦੀਆਂ ਸੰਭਾਵਨਾਵਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਇਸ ਨਾਲ 681 ਵਿਅਕਤੀਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਰਾਹ ਵੀ ਪੱਧਰਾ ਹੋਵੇਗਾ,। " ਉਨ੍ਹਾਂ ਕਿਹਾ, "2024 ਦੌਰਾਨ ਪੀਆਰਟੀਸੀ ਦੇ ਬੇੜੇ ਵਿੱਚ ਲਗਭਗ 110 ਬੱਸਾਂ ਸ਼ਾਮਲ ਕੀਤੀਆਂ ਗਈਆਂ, ਜਿਸ ਨਾਲ 165 ਵਿਅਕਤੀਆਂ ਨੂੰ ਰੁਜ਼ਗਾਰ ਮਿਲਿਆ ਸੀ।" ਉਨ੍ਹਾਂ ਅੱਗੇ ਕਿਹਾ, "309 ਹੋਰ ਬੱਸਾਂ ਨੂੰ ਸ਼ਾਮਲ ਕਰਨ ਲਈ ਵੀ ਟੈਂਡਰ ਜਾਰੀ ਕਰ ਦਿੱਤਾ ਗਿਆ ਹੈ, ਜਿਸ ਨਾਲ 928 ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ।''

ਨਿਗਮ ਦੀ ਸੁਧਰੀ ਵਿੱਤੀ ਹਾਲਤ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੀ.ਆਰ.ਟੀ.ਸੀ. ਨੇ ਕੁੱਲ ਮਾਲੀਏ ਵਿੱਚ 53 ਫੀਸਦੀ ਵਾਧਾ ਦਰਜ ਕੀਤਾ ਹੈ, ਜੋ ਵਿੱਤੀ ਸਾਲ 2021-22 ਵਿੱਚ 607.09 ਕਰੋੜ ਰੁਪਏ ਦੇ ਮੁਕਾਬਲੇ 2024-25 ਵਿੱਚ ਵੱਧ ਕੇ 927.83 ਕਰੋੜ ਰੁਪਏ ਹੋ ਗਿਆ ਹੈ।" ਉਨ੍ਹਾਂ ਅੱਗੇ ਕਿਹਾ,"ਮੌਜੂਦਾ ਵਿੱਤੀ ਸਾਲ 2025-26 ਵਿੱਚ, ਪੀ.ਆਰ.ਟੀ.ਸੀ. ਦੇ ਕੁੱਲ ਮਾਲੀਏ ਵਿੱਚ 950 ਕਰੋੜ ਰੁਪਏ ਨੂੰ ਪਾਰ ਕਰਨ ਦੀ ਆਸ ਹੈ, ਜੋ ਲਗਭਗ 57 ਫੀਸਦੀ ਵਾਧੇ ਨੂੰ ਦਰਸਾਉਂਦਾ ਹੈ।"

'ਆਪ' ਸਰਕਾਰ ਦੀ ਭਲਾਈ ਪ੍ਰਤੀ ਵਚਨਬੱਧਤਾ ਦ੍ਰਿੜਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, '2022 ਤੋਂ, ਪੀਆਰਟੀਸੀ ਨੇ 1574 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਦੀਆਂ 34.63 ਕਰੋੜ ਮਹਿਲਾ ਯਾਤਰੀਆਂ ਨੂੰ ਮੁਫ਼ਤ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ ਹੈ।'' ਉਨ੍ਹਾਂ ਅੱਗੇ ਕਿਹਾ, ''ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ, ਪੀ.ਆਰ.ਟੀ.ਸੀ. ਨੇ 2.21 ਕਰੋੜ ਦੀ ਮੁਫ਼ਤ ਐਚ.ਵੀ.ਏ.ਸੀ. ਬੱਸ ਯਾਤਰਾ ਦੀ ਸਹੂਲਤ ਪ੍ਰਦਾਨ ਕੀਤੀ , ਜਿਸ ਨਾਲ 9,529 ਯਾਤਰੀਆਂ ਨੂੰ ਪੰਜਾਬ ਵਿਚਲੇ ਅਤੇ ਬਾਹਰਲੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਭਾਗਾ ਮੌਕਾ ਮਿਲਿਆ।''



ਆਵਾਜਾਈ ਦੇ ਵਿਸਥਾਰ ਨੂੰ ਵਿਆਪਕ ਵਿਕਾਸ ਨਾਲ ਜੋੜਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ''ਬੱਸ ਬੇੜੇ ਦੇ ਵਿਸਥਾਰ ਨਾਲ, ਸ਼ਹਿਰੀ ਅਤੇ ਪੇਂਡੂ ਦੋਵਾਂ ਖੇਤਰਾਂ ਦੇ ਲੋਕ ਸੁਰੱਖਿਅਤ ਅਤੇ ਅਰਾਮਦਾਇਕ ਯਾਤਰਾ ਕਰ ਸਕਣਗੇ।'' ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਤੇਜ਼ੀ ਨਾਲ ਵਿਕਾਸ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ ਅਤੇ ਸਰਕਾਰ ਦਹਾਕਿਆਂ ਦੇ ਪਾੜੇ ਨੂੰ ਪੂਰਨ ਲਈ ਯਤਨਾਂ ਵਿੱਚ ਹੋਰ ਤੇਜ਼ੀ ਲਿਆ ਰਹੀ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ''ਸਾਡੀ ਸਰਕਾਰ ਪੰਜਾਬ ਨੂੰ ਰੰਗਲਾ ਪੰਜਾਬ ਬਣਾ ਕੇ ਇਸਦੀ ਪੁਰਾਣੀ ਸ਼ਾਨ ਬਹਾਲੀ ਲਈ ਬਹੁ-ਆਯਾਮੀ ਵਿਕਾਸ ਕਰ ਰਹੀ ਹੈ।''

ਖੇਤਰ ਵਿੱਚ ਵਿਕਾਸ ਕਾਰਜਾਂ ਦਾ ਵੇਰਵਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਸਾਡੀ ਸਰਕਾਰ ਨੇ ਪਟਿਆਲਾ ਦਿਹਾਤੀ ਹਲਕੇ ਵਿੱਚ ਵੱਖ-ਵੱਖ ਵਿਭਾਗਾਂ ਵਿੱਚ ਵਿਕਾਸ ਕਾਰਜਾਂ 'ਤੇ ਲਗਭਗ 400 ਕਰੋੜ ਰੁਪਏ ਖਰਚ ਕੀਤੇ, ਜਿਸ ਨਾਲ ਇਸਦੀ ਸਮੁੱਚੀ ਨੁਹਾਰ ਹੀ ਬਦਲ ਗਈ ਹੈ।" ਉਨ੍ਹਾਂ ਅੱਗੇ ਕਿਹਾ ਕਿ ਸਾਲ 2022 ਤੋਂ ਬੁਨਿਆਦੀ ਢਾਂਚੇ ਅਤੇ ਜਨਤਕ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਕਰੋੜਾਂ ਰੁਪਏ ਨਿਵੇਸ਼ ਨਿਰੰਤਰ ਕੀਤੇ ਗਏ ਹਨ।ਖੇਤੀਬਾੜੀ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਖੇਤੀ ਖੇਤਰ ਨੂੰ ਮੁੜ ਲਾਹੇਵੰਦ ਬਣਾਉਣ ਲਈ ਸਾਡੀ ਸਰਕਾਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਰਾਹੀਂ ਵੱਖ-ਵੱਖ ਪਹਿਲਕਦਮੀਆਂ 'ਤੇ 60 ਕਰੋੜ ਰੁਪਏ ਖਰਚ ਕੀਤੇ ਹਨ।''ਸਿਹਤ ਸੰਭਾਲ ਵਿੱਚ ਸੁਧਾਰਾਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ,"ਪਿਛਲੇ ਚਾਰ ਸਾਲਾਂ ਵਿੱਚ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਰਾਹੀਂ ਤਿੰਨ ਪ੍ਰਾਜੈਕਟਾਂ 'ਤੇ 7.91 ਕਰੋੜ ਰੁਪਏ ਖਰਚ ਕੀਤੇ ਗਏ ਹਨ, ਜਦੋਂ ਕਿ ਇਸ ਸਮੇਂ ਸਿਹਤ ਸੰਭਾਲ ਸੇਵਾਵਾਂ ਦੇ ਵਿਸਥਾਰ 'ਤੇ ਵਾਧੂ 14.54 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।"ਸਿੱਖਿਆ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਦੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਕੂਲ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਸਰਕਾਰ ਨੇ ਸਾਲ 2022 ਅਤੇ ਸਾਲ 2026 ਵਿਚਕਾਰ ਸਕੂਲ ਸਿੱਖਿਆ ਵਿਭਾਗ ਰਾਹੀਂ ਅੱਠ ਪ੍ਰੋਜੈਕਟਾਂ 'ਤੇ 825.22 ਕਰੋੜ ਰੁਪਏ ਖਰਚ ਕੀਤੇ ਹਨ। ਇਸ ਤੋਂ ਇਲਾਵਾ ਇਸ ਸਮੇਂ 80.92 ਕਰੋੜ ਰੁਪਏ ਦੇ ਕਈ ਹੋਰ ਪ੍ਰੋਜੈਕਟ ਚੱਲ ਰਹੇ ਹਨ। "ਬੁਨਿਆਦੀ ਢਾਂਚੇ 'ਤੇ ਧਿਆਨ ਕੇਂਦਰਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਲੋਕ ਨਿਰਮਾਣ ਵਿਭਾਗ ਰਾਹੀਂ 17 ਕੰਮਾਂ 'ਤੇ 6.71 ਕਰੋੜ ਰੁਪਏ ਖਰਚ ਕੀਤੇ ਗਏ ਹਨ, ਜਦੋਂ ਕਿ 21.02 ਕਰੋੜ ਰੁਪਏ ਦੀ ਲਾਗਤ ਨਾਲ 11 ਹੋਰ ਕੰਮ ਚਲ ਰਹੇ ਹਨ। ਇਸ ਤੋਂ ਇਲਾਵਾ 21 ਹੋਰ ਪ੍ਰੋਜੈਕਟਾਂ 'ਤੇ 23.03 ਕਰੋੜ ਰੁਪਏ ਖਰਚ ਕੀਤੇ ਜਾਣਗੇ। "ਪੇਂਡੂ ਬੁਨਿਆਦੀ ਢਾਂਚੇ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਪੰਜਾਬ ਮੰਡੀ ਬੋਰਡ ਰਾਹੀਂ ਅੱਠ ਕੰਮਾਂ 'ਤੇ 12.98 ਕਰੋੜ ਰੁਪਏ ਖਰਚ ਕੀਤੇ ਗਏ ਹਨ, ਜਿਨ੍ਹਾਂ ਵਿੱਚ ਮੁਰੰਮਤ, ਨਵੀਂ ਉਸਾਰੀ ਅਤੇ ਮੰਡੀ ਬੁਨਿਆਦੀ ਢਾਂਚੇ ਦਾ ਵਿਸਥਾਰ ਸ਼ਾਮਲ ਹੈ। ਇਸ ਤੋਂ ਕੰਮ ਪ੍ਰਗਤੀ ਅਧੀਨ ਹਨ।"

ਹੜ੍ਹ ਰੋਕਥਾਮ ਦੇ ਉਪਾਵਾਂ 'ਤੇ ਚਾਨਣਾ ਪਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸਾਲ 2022 ਤੋਂ ਦਰਿਆਵਾਂ ਦੀ ਸਫਾਈ ਅਤੇ ਹੜ੍ਹ ਕੰਟਰੋਲ ਕਾਰਜਾਂ 'ਤੇ 1.27 ਕਰੋੜ ਰੁਪਏ ਖਰਚ ਕੀਤੇ ਗਏ ਹਨ ਅਤੇ ਕਈ ਹੋਰ ਪ੍ਰੋਜੈਕਟ ਚੱਲ ਰਹੇ ਹਨ। "ਸ਼ਹਿਰੀ ਅਤੇ ਸੀਵਰੇਜ ਬੁਨਿਆਦੀ ਢਾਂਚੇ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਸੀਵਰੇਜ ਬੋਰਡ ਰਾਹੀਂ ਦੋ ਕੰਮਾਂ 'ਤੇ 1.34 ਕਰੋੜ ਰੁਪਏ ਖਰਚ ਕੀਤੇ ਗਏ ਹਨ, ਜਦੋਂ ਕਿ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ 366 ਕਰੋੜ ਰੁਪਏ ਦੇ ਦੋ ਵੱਡੇ ਪ੍ਰੋਜੈਕਟ ਪ੍ਰਗਤੀ ਅਧੀਨ ਹਨ।"ਸ਼ਹਿਰੀ ਵਿਕਾਸ ਬਾਰੇ ਵਿਸਥਾਰ ਵਿੱਚ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ, "ਪਿਛਲੇ ਚਾਰ ਸਾਲਾਂ ਵਿੱਚ ਨਗਰ ਨਿਗਮ ਰਾਹੀਂ ਵਾਰਡਾਂ ਵਿੱਚ 114 ਕੰਮਾਂ 'ਤੇ 42.16 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਕਈ ਪ੍ਰੋਜੈਕਟ ਚੱਲ ਰਹੇ ਹਨ ਅਤੇ ਕਈ ਪ੍ਰਗਤੀ ਅਧੀਨ ਹਨ।"ਪਾਣੀ ਦੀ ਸੰਭਾਲ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਭੂਮੀ ਸੰਭਾਲ ਵਿਭਾਗ ਰਾਹੀਂ ਭੂਮੀਗਤ ਪਾਈਪਲਾਈਨਾਂ ਅਤੇ ਪਾਣੀ ਦੀ ਸੰਭਾਲ ਕਾਰਜਾਂ 'ਤੇ 1.24 ਕਰੋੜ ਰੁਪਏ ਖਰਚ ਕੀਤੇ ਗਏ ਹਨ। ਇਸ ਦੇ ਨਾਲ ਹੀ ਚੱਲ ਰਹੇ ਅਤੇ ਨਵੇਂ ਪ੍ਰੋਜੈਕਟਾਂ ਨਾਲ ਇਸ ਨੂੰ ਹੋਰ ਮਜ਼ਬੂਤੀ ਮਿਲੇਗੀ।"ਉਨ੍ਹਾਂ ਨੇ ਪੇਂਡੂ ਵਿਕਾਸ, ਪਟਿਆਲਾ ਵਿਕਾਸ ਅਥਾਰਟੀ, ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ, ਪੰਚਾਇਤੀ ਰਾਜ, ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਸਮੇਤ ਵਿਭਾਗਾਂ ਵਿੱਚ ਨਿਵੇਸ਼ਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਜੀਵਨ ਗੁਣਵੱਤਾ ਵਿੱਚ ਸੁਧਾਰ ਲਈ ਵਿਆਪਕ ਪੱਧਰ 'ਤੇ ਕੰਮ ਚੱਲ ਰਹੇ ਹਨ।ਲੋਕਾਂ ਤੋਂ ਸਮਰਥਨ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ, "ਇਨ੍ਹਾਂ ਵਿਕਾਸ ਕਾਰਜਾਂ ਨੂੰ ਉਸੇ ਰਫ਼ਤਾਰ ਨਾਲ ਜਾਰੀ ਰੱਖਣ ਲਈ, ਸਾਨੂੰ ਤੁਹਾਡੇ ਸਾਰਿਆਂ ਦੇ ਸਮਰਥਨ ਅਤੇ ਸਹਿਯੋਗ ਦੀ ਲੋੜ ਹੈ।" ਉਨ੍ਹਾਂ ਅੱਗੇ ਕਿਹਾ, "ਮੈਨੂੰ ਵਿਸ਼ਵਾਸ ਹੈ ਕਿ ਜਿਵੇਂ ਤੁਸੀਂ ਪਿਛਲੀਆਂ ਚੋਣਾਂ ਵਿੱਚ ਸਾਡੀ ਪਾਰਟੀ ਨੂੰ ਦਿਲੋਂ ਸਮਰਥਨ ਦਿੱਤਾ ਸੀ, ਉਸੇ ਤਰ੍ਹਾਂ 2027 ਦੀਆਂ ਚੋਣਾਂ ਵਿੱਚ ਵੀ ਦੇਵੋਗੇ।"

# ਕਪੂਰਥਲਾ ਵਿੱਚ ਨਸ਼ਿਆਂ ਕਾਰਨ ਕੋਈ ਤਾਜ਼ਾ ਮੌਤ ਨਹੀਂ ਹੋਈ ਮੀਡੀਆ ਦੇ ਗੁੰਮਰਾਹਕੁੰਨ ਪ੍ਰਚਾਰ ਦਾ ਪਰਦਾਫਾਸ਼: ਬਲਤੇਜ ਪੰਨੂ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਪ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ 'ਯੁੱਧ ਨਸ਼ਿਆਂ ਵਿਰੁੱਧ' ਦੇ ਮੁੱਖ ਬੁਲਾਰੇ ਬਲਤੇਜ ਪੰਨੂ ਨੇ ਸੋਮਵਾਰ ਨੂੰ ਉਨ੍ਹਾਂ ਗੁੰਮਰਾਹਕੁੰਨ ਮੀਡੀਆ ਰਿਪੋਰਟਾਂ ਦਾ ਖੰਡਨ ਕਰਦਿਆਂ ਵਿਸਤ੍ਰਿਤ ਸਪੱਸ਼ਟੀਕਰਨ ਜਾਰੀ ਕੀਤਾ, ਜਿਨ੍ਹਾਂ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕਪੂਰਥਲਾ ਦੇ ਇੱਕੋ ਪਰਿਵਾਰ ਵਿੱਚ ਚਾਰ ਮੌਤਾਂ ਨਸ਼ਿਆਂ ਕਾਰਨ ਹੋਈਆਂ ਹਨ। ਉਨ੍ਹਾਂ ਕਿਹਾ ਕਿ ਤੱਥ ਬਹੁਤ ਵੱਖਰੀ ਅਤੇ ਸਪੱਸ਼ਟ ਤਸਵੀਰ ਪੇਸ਼ ਕਰਦੇ ਹਨ।ਇਸ ਮੁੱਦੇ 'ਤੇ ਬੋਲਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਜ਼ਿਲ੍ਹਾ ਪੁਲਿਸ ਕਪੂਰਥਲਾ ਦੇ ਧਿਆਨ ਵਿੱਚ ਆਇਆ ਹੈ ਕਿ ਇੱਕ ਮਹਿਲਾ ਨੇ ਦਾਅਵਾ ਕੀਤਾ ਸੀ ਕਿ ਉਸਨੇ ਆਪਣੇ ਚਾਰ ਪੁੱਤ ਨਸ਼ਿਆਂ ਕਾਰਨ ਗੁਆ ਦਿੱਤੇ ਹਨ ਅਤੇ ਆਪਣੇ ਆਖਰੀ ਪੁੱਤਰ ਨੂੰ ਬਚਾਉਣ ਦੀ ਅਪੀਲ ਕੀਤੀ ਸੀ। ਹਾਲਾਂਕਿ, ਡੂੰਘਾਈ ਨਾਲ ਕੀਤੀ ਗਈ ਫੀਲਡ ਵੈਰੀਫਿਕੇਸ਼ਨ ਤੋਂ ਪਤਾ ਲੱਗਾ ਹੈ ਕਿ ਇਹ ਮੌਤਾਂ ਅੱਠ ਸਾਲਾਂ ਤੋਂ ਵੱਧ ਦੇ ਸਮੇਂ ਦੌਰਾਨ ਹੋਈਆਂ ਹਨ ਅਤੇ ਇਨ੍ਹਾਂ ਦੇ ਕਾਰਨ ਪੂਰੀ ਤਰ੍ਹਾਂ ਵੱਖੋ-ਵੱਖਰੇ ਸਨ।ਤੱਥਾਂ ਦਾ ਵੇਰਵਾ ਦਿੰਦਿਆਂ ਉਨ੍ਹਾਂ ਦੱਸਿਆ, "ਇੱਕ ਪੁੱਤਰ ਦੀ ਮੌਤ ਲਗਭਗ ਅੱਠ ਸਾਲ ਪਹਿਲਾਂ ਕਥਿਤ ਤੌਰ 'ਤੇ ਨਸ਼ੇ ਦੀ ਜ਼ਿਆਦਾ ਮਾਤਰਾ (ਓਵਰਡੋਜ਼) ਕਾਰਨ ਹੋਈ ਸੀ। ਦੂਜੇ ਪੁੱਤਰ ਦੀ ਮੌਤ ਲਗਭਗ ਸੱਤ ਸਾਲ ਪਹਿਲਾਂ ਅੱਗ ਲੱਗਣ ਅਤੇ ਸੜ ਜਾਣ ਕਾਰਨ ਹੋਈ। ਤੀਜੇ ਪੁੱਤਰ ਦੀ ਮੌਤ ਸੱਤ ਸਾਲ ਪਹਿਲਾਂ ਜੇਲ੍ਹ ਵਿੱਚ ਹੋਈ ਸੀ, ਜਿੱਥੇ ਉਹ ਐਨਡੀਪੀਐਸ ਐਕਟ ਸਮੇਤ ਦੋ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਸੀ। ਚੌਥੇ ਪੁੱਤਰ ਦੀ ਮੌਤ ਦੋ ਸਾਲ ਪਹਿਲਾਂ ਜ਼ਿਆਦਾ ਸ਼ਰਾਬ ਪੀਣ ਕਾਰਨ ਲਿਵਰ ਫੇਲ ਹੋਣ ਨਾਲ ਹੋਈ ਸੀ।

ਉਨ੍ਹਾਂ ਨੇ ਬਚੇ ਹੋਏ ਪੁੱਤਰ ਦੀ ਹਾਲਤ ਬਾਰੇ ਸਪੱਸ਼ਟ ਕੀਤਾ ਕਿ ਜਿਸ ਪੁੱਤਰ ਦਾ ਹੁਣ ਮੀਡੀਆ ਰਿਪੋਰਟਾਂ ਵਿੱਚ ਜ਼ਿਕਰ ਕੀਤਾ ਜਾ ਰਿਹਾ ਹੈ, ਉਹ ਕਈ ਸਿਹਤ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਉਸ ਵਿਰੁੱਧ 2023 ਵਿੱਚ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਸੀ। ਬਾਅਦ ਵਿੱਚ 29.11.2025 ਨੂੰ ਅਦਾਲਤ ਨੇ ਉਸ ਨੂੰ ਇਸੇ ਕੇਸ ਵਿੱਚ ਦੋਸ਼ੀ ਕਰਾਰ ਦਿੱਤਾ ਸੀ।ਬਲਤੇਜ ਪੰਨੂ ਨੇ ਅੱਗੇ ਕਿਹਾ ਕਿ ਉਹ ਵਿਅਕਤੀ ਨਸ਼ੇ ਦਾ ਆਦੀ ਹੈ ਅਤੇ ਨਸ਼ਾ ਛੁਡਾਊ ਇਲਾਜ ਲਈ ਓਟ ਸੈਂਟਰ ਵਿੱਚ ਰਜਿਸਟਰਡ ਹੈ, ਜਿੱਥੇ ਉਸ ਨੂੰ 30.03.2026 ਨੂੰ ਦਵਾਈ ਦਿੱਤੀ ਗਈ ਸੀ। ਉਸ ਦੀ ਗੰਭੀਰ ਡਾਕਟਰੀ ਹਾਲਤ ਨੂੰ ਦੇਖਦੇ ਹੋਏ, ਹੁਣ ਉਸ ਨੂੰ ਵਿਸ਼ੇਸ਼ ਇਲਾਜ ਲਈ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ।ਸਥਿਤੀ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਨਸ਼ਿਆਂ ਕਾਰਨ ਮੌਤ ਦਾ ਕੋਈ ਤਾਜ਼ਾ ਮਾਮਲਾ ਸਾਹਮਣੇ ਨਹੀਂ ਆਇਆ ਹੈ। ਇਸ ਨੂੰ ਇੱਕੋ ਸਮੇਂ ਵਾਪਰੀ ਤਾਜ਼ਾ ਨਸ਼ਾ ਤ੍ਰਾਸਦੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਗੁੰਮਰਾਹਕੁੰਨ ਹੈ ਅਤੇ ਤੱਥਾਂ 'ਤੇ ਅਧਾਰਤ ਨਹੀਂ ਹੈ।ਚੱਲ ਰਹੀ ਕਾਰਵਾਈ ਬਾਰੇ ਦੱਸਦਿਆਂ ਪੰਨੂ ਨੇ ਕਿਹਾ, "ਪੰਜਾਬ ਪੁਲਿਸ ਨੇ ਉਸੇ ਮੁਹੱਲੇ ਵਿੱਚ ਸਰਗਰਮੀ ਨਾਲ ਕਾਰਵਾਈ ਕਰਦਿਆਂ ਪਿਛਲੇ ਦਿਨਾਂ ਵਿੱਚ ਐਨਡੀਪੀਐਸ ਦੇ ਚਾਰ ਕੇਸ ਦਰਜ ਕੀਤੇ ਹਨ ਅਤੇ ਸਰਗਰਮ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ।ਕਪੂਰਥਲਾ ਵਿੱਚ ਹੋਈ ਵੱਡੀ ਕਾਰਵਾਈ ਦਾ ਵੇਰਵਾ ਦਿੰਦਿਆਂ ਉਨ੍ਹਾਂ ਕਿਹਾ ਕਿ ਐਨਡੀਪੀਐਸ ਐਕਟ ਤਹਿਤ 1,300 ਤੋਂ ਵੱਧ ਐਫਆਈਆਰ ਦਰਜ ਕੀਤੀਆਂ ਗਈਆਂ ਹਨ, ਜਿਸ ਨਾਲ 1,637 ਤੋਂ ਵੱਧ ਨਸ਼ਾ ਤਸਕਰਾਂ ਅਤੇ ਸਪਲਾਈ ਕਰਨ ਵਾਲਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 900 ਤੋਂ ਵੱਧ ਵਿਅਕਤੀਆਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾਇਆ ਗਿਆ ਹੈ, ਜਦੋਂ ਕਿ 2,125 ਤੋਂ ਵੱਧ ਨਸ਼ੇੜੀਆਂ ਨੂੰ ਇਲਾਜ ਲਈ ਓਟ ਕੇਂਦਰਾਂ ਵਿੱਚ ਰਜਿਸਟਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ 605 ਤੋਂ ਵੱਧ ਵਿਅਕਤੀ ਸਫਲਤਾਪੂਰਵਕ ਨਸ਼ਾ ਛੱਡ ਚੁੱਕੇ ਹਨ ਅਤੇ ਉਨ੍ਹਾਂ ਨੇ ਐਨਡੀਪੀਐਸ ਐਕਟ ਦੀ ਧਾਰਾ 64-ਏ ਤਹਿਤ ਛੋਟ ਦੀ ਮੰਗ ਕੀਤੀ ਹੈ। ਪਿਛਲੇ ਇੱਕ ਮਹੀਨੇ ਵਿੱਚ ਹੀ ਐਨਡੀਪੀਐਸ ਐਕਟ ਦੀ ਧਾਰਾ 68-ਐੱਫ ਤਹਿਤ 1.3 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਫ੍ਰੀਜ਼ ਕੀਤੀਆਂ ਗਈਆਂ ਹਨ।ਜਨਤਕ ਭਾਗੀਦਾਰੀ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ, "ਸੇਫ਼ ਪੰਜਾਬ ਹੈਲਪਲਾਈਨ ਰਾਹੀਂ ਮਿਲੀਆਂ ਸੂਚਨਾਵਾਂ ਦੇ ਅਧਾਰ 'ਤੇ 629 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ 753 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

Gillson TRUCKING INC

# NOW HIRING

## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107



ਬਘੇਲ ਸਿੰਘ ਧਾਲੀਵਾਲ
99142-58142

# ਐਡਵੋਕੇਟ ਫੂਲਕਾ ਦੀ ਭਾਜਪਾ 'ਚ ਸ਼ਮੂਲੀਅਤ ਅਤੇ ਗੁਰਚਰਨ ਸਿੰਘ ਬੱਬਰ ਦੇ ਗੰਭੀਰ ਇਲਜ਼ਾਮ

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਸ੍ਰ ਹਰਿੰਦਰ ਸਿੰਘ ਫੂਲਕਾ ਦੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜ ਲੈਣ ਤੋ ਬਾਅਦ ਉਹ ਇੱਕ ਵਾਰੀ ਵਿਵਾਦਾਂ ਵਿੱਚ ਘਿਰਦੇ ਦਿਖਾਈ ਦੇ ਰਹੇ ਹਨ।ਉਹਨਾਂ ਤੇ 1984 ਦੀਆਂ ਸਿੱਖ ਵਿਧਵਾਵਾਂ ਨੂੰ ਇਨਸਾਫ ਦਿਵਾਉਣ ਦੇ ਨਾਮ ਤੇ ਉਹਨਾਂ ਨਾਲ ਧੋਖਾ ਕੀਤੇ ਜਾਣ ਦੇ ਵੱਡੇ ਅਤੇ ਗੰਭੀਰ ਇਲਜਾਮ ਲੱਗ ਰਹੇ ਹਨ। ਜਦੋਂ ਦਿੱਲੀ ਸਿੱਖ ਕਤਲੇਆਮ ਦੀ ਗੱਲ ਚੱਲਦੀ ਹੈ ਤਾਂ ਉਹ ਸਾਰਾ ਮੰਜ਼ਰ ਅੱਖਾਂ ਸਾਹਮਣੇ ਆ ਜਾਂਦਾ ਹੈ ਜਦੋ ਮੌਕੇ ਦੀ ਦਿੱਲੀ ਸਰਕਾਰ ਦੇ ਸਪੱਸਟ ਇਸਾਰੇ ਅਤੇ ਸਹਿਯੋਗ ਨਾਲ ਹਜਾਰਾਂ ਸਿੱਖਾਂ ਨੂੰ ਘਰਾਂ ਵਿੱਚੋਂ ਕੱਢ ਕੇ ਸਰਾਬੀ ਭੀੜ ਵੱਲੋਂ ਗ.ਲਾਂ ਵਿੱਚ ਟਾਇਰ ਪਾਕੇ ਅਤੇ ਪੈਟਰੋਲ ਪਾ ਪਾ ਕੇ ਜਿਉਂਦਿਆਂ ਸਾੜਿਆ ਗਿਆ।ਸਿੱਖ ਬੀਬੀਆਂ,ਬੱਚੀਆਂ ਦੀ ਪੱਤ ਰੋਲੀ ਗਈ।1984 ਦੇ ਉਸ ਸਿੱਖ ਕਤਲੇਆਮ ਦੇ ਬ.ਲਦੇ ਭਾਬੜਾਂ ਦੀ ਕਾਲਖ ਨੇ ਭਾਰਤੀ ਇਤਿਹਾਸ ਦੇ ਪੰਨਿਆਂ ਨੂੰ ਹਮੇਸਾ ਲਈ ਸਿਆਹ ਕਾਲਾ ਕਰ ਦਿੱਤਾ ਹੈ। 1984 ਦੀ ਦਰਦਨਾਕ ਦਾਸਤਾਨ ਸਿਰਫ਼ ਇੱਕ ਹਿੰਸਕ ਘਟਨਾ ਨਹੀਂ ਸੀ, ਇਹ ਇੱਕ ਸੋਚੀ-ਸਮਝੀ ਨਸਲਕੁਸ਼ੀ ਸੀ ਜਿਸ ਨੇ ਹਜ਼ਾਰਾਂ ਘਰ ਬਰਬਾਦ ਕਰ ਦਿੱਤੇ।

ਸਿੱਖ ਕਤਲੇਆਮ ਦੀਆਂ ਵਿਧਵਾਵਾਂ ਅਜੇ ਵੀ ਇੱਕ-ਇੱਕ ਕਮਰੇ ਦੇ ਤੰਗ ਮਕਾਨਾਂ ਵਿੱਚ ਜ਼ਿੰਦਗੀ ਕੱਟ ਰਹੀਆਂ ਹਨ। ਸੈਕੜੇ ਪਰਿਵਾਰ ਇਨਸਾਫ ਦੀ ਉਡੀਕ ਕਰਦੇ ਕਰਦੇ ਅਦਾਲਤਾਂ ਦੀਆਂ ਘੁਮਣ ਘੇਰੀਆਂ ਚ ਜਿੰਦਗੀ ਕੱਟ ਕੇ ਦੁਨੀਆਂ ਤੋ ਕੂਚ ਕਰ ਗਏ।ਦਿੱਲੀ ਦੀਆਂ ਉਹਨਾਂ ਕਾਲੋਨੀਆਂ ਵਿੱਚ ਜਿੱਥੇ ਇਹ ਅਭਾਗੇ ਲੋਕ ਰਹਿ ਰਹੇ ਹਨ ,ਉੱਥੇ ਸਮਾਂ ਅਜੇ ਵੀ ਠਹਿਰਿਆ ਹੋਇਆ ਲੱਗਦਾ ਹੈ। ਨਾ ਉਹਨਾਂ ਦੇ ਘਰ ਵੱਡੇ ਹੋਏ, ਨਾ ਉਹਨਾਂ ਦੇ ਸੁਪਨੇ। ਉਸ ਦੂੱ ਦਾ ਉਹ ਨਾਮ ਜਿਸਨੂੰ ਕੌਮ ਨੇ ਕਦੇ ਇਨਸਾਫ਼ ਦਾ ਪ੍ਰਤੀਕ ਮੰਨਿਆ ਸੀ। ਪਰ ਅੱਜ ਸਵਾਲਾਂ ਦੇ ਘੇਰੇ ਵਿੱਚ ਜਰੂਰ ਆ ਗਿਆ ਹੈ। ਇੱਕ ਕਿਰਾਏ ਦੇ ਕਮਰੇ ਤੋਂ ਸ਼ੁਰੂ ਹੋਇਆ ਸਫ਼ਰ ਦਿੱਲੀ ਦੇ ਮਹਿੰਗੇ ਇਲਾਕੇ ਡਿਫੈਂਸ ਕਲੋਨੀ ਵਿੱਚ ਦੋ ਦੋ ਮਹਿਲ ਨੁਮਾ ਕੋਠੀਆਂ ਅਤੇ ਕਰੋੜਾਂ ਦੀਆਂ ਲਗਜ਼ਰੀ ਕਾਰਾਂ ਤੱਕ ਕਿਵੇਂ ਪਹੁੰਚ ਗਿਆ ? ਇਹ ਸਿਰਫ਼ ਤਰੱਕੀ ਨਹੀਂ ਲੱਗਦੀ, ਇਹ ਇੱਕ ਅਜਿਹਾ ਸਫ਼ਰ ਹੈ ਜਿਸਦੀ ਪੜਤਾਲ ਹੋਣੀ ਲਾਜ਼ਮੀ ਹੈ।

ਇਹ ਸਵਾਲ ਦਿੱਲੀ ਦੇ ਇੱਕ ਸੀਨੀਅਰ ਪੱਤਰਕਾਰ ਅਤੇ ਤਿੰਨ ਅਖਬਾਰਾਂ ਦੇ ਸੰਪਾਦਕ ਗੁਰਚਰਨ ਸਿੰਘ ਬੱਬਰ ਨੇ ਖੜੇ ਕੀਤੇ ਹਨ,ਜਿੰਨਾਂ ਦਾ 1984 ਦੇ ਸਿੱਖ ਕਤਲੇਅਮ ਤੇ ਬਹੁਤ ਕੰਮ ਕੀਤਾ ਹੋਇਆ ਹੈ।ਉਹਨਾਂ ਵੱਲੋਂ ਐਡਵੋਕੇਟ ਫੂਲਕਾ ਦੇ ਕਿਰਦਾਰ ਨੂੰ ਦਰਸਾਉਣ ਲਈ ਪੱਤਰਕਾਰ ਕਾਨਫਰੰਸਾਂ ਕੀਤੀਆਂ ਜਾ ਰਹੀਆਂ ਹਨ ਅਤੇ ਫੂਲਕਾ ਸਾਹਬ ਨੂੰ ਚੈਲਿੰਜ ਕੀਤਾ ਜਾ ਰਿਹਾ ਹੈ ਕਿ ਮੇਰੇ ਖਿਲਾਫ ਅਦਾਲਤ ਵਿੱਚ ਰਿੱਟ ਦਾਖਲ ਕਰਨ। ਉਹਨਾਂ ਵੱਲੋਂ ਇਹ ਡੰਕੇ ਦੀ ਚੋਟ ਤੇ ਕਿਹਾ ਜਾ ਰਿਹਾ ਹੈ ਕਿ ਕਤਲਾਂ ਦੇ ਦਰਦ ਦੀ ਰਾਖ 'ਚੋਂ ਦੌਲਤ ਦੇ ਮਹਿਲ ਖੜ੍ਹੇ ਕੀਤੇ ਗਏ ਹਨ।ਉਨ੍ਹਾਂ ਦੇ ਦੋਸ਼ ਸਿਰਫ਼ ਅਨੁਮਾਨ ਨਹੀਂ, ਸਗੋਂ ਸਾਲਾਂ ਦੀ ਖੋਜ ਅਤੇ ਤੱਥਾਂ 'ਤੇ ਆਧਾਰਿਤ ਹਨ। ਰੰਗਾਨਾਥਨ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਕੀਤੇ ਗਏ ਹਜ਼ਾਰਾਂ ਐਫੀਡੇਵਿਟਾਂ ਦਾ ਰੱਦ ਹੋ ਜਾਣਾ ਇੱਕ ਸੀਨੀਅਰ ਸਿੱਖ ਵਕੀਲ ਸ੍ਰ ਹਰਿੰਦਰ ਸਿੰਘ ਫੂਲਕਾ ਦੀ ਤਕਨੀਕੀ ਗਲਤੀ ਨਹੀਂ ਹੋ ਸਕਦੀ,ਇਹ ਇਨਸਾਫ਼ ਦੀ ਲੜਾਈ ਨੂੰ ਸ਼ੁਰੂ ਵਿੱਚ ਹੀ ਮਾਰ ਦੇਣ ਵਰਗਾ ਅਪਰਾਧ ਹੈ,ਜਿਹੜਾ ਲਾਲਚ ਵੱਸ ਜਾਣ ਬੁੱਝ ਕੇ ਮਿਲੀ ਭੁਗਤ ਨਾਲ ਕੀਤਾ ਗਿਆ। ਰੰਗਾ ਨਾਥ ਮਿਸ਼ਰਾ ਦੇ ਦਰਵਾਜ਼ਿਆਂ ਤੋਂ ਵਾਪਸ ਮੁੜੇ ਉਹ ਕੇਸ ਅੱਜ ਵੀ ਨਿਆਂ ਦੀ ਉਡੀਕ ਕਰ ਰਹੇ ਹਨ।ਦੱਸਣਾ ਬਣਦਾ ਹੈ ਕਿ ਕਿ ਰੰਗਾ ਨਾਥ ਮਿਸ਼ਰਾ ਨੂੰ ਇਨਾਮ ਵਜੋ ਕਾਂਗਰਸ ਨੇ ਸੁਪਰੀਮ ਕੋਰਟ ਦਾ ਚੀਫ ਜਸਟਿਸ, ਅਧਿਕਾਰ ਕਮਿਸ਼ਨਾਂ ਦੀਆਂ ਚੇਅਰਮੈਨੀਆਂ ਅਤੇ ਰਾਜ ਸਭਾ ਦੀਆਂ ਮੈਬਰੀਆਂ ਨਾਲ ਨਿਵਾਜਿਆ ਸੀ।

ਏਸੇ ਤਰਾਂ ਐਡਵੋਕੇਟ ਫੂਲਕਾ ਸਾਹਬ ਨੂੰ ਬੀਤੇ ਸਾਲਾਂ ਵਿੱਚ ਦਿੱਲੀ ਦੀ ਭਾਜਪਾ ਸਰਕਾਰ ਵੱਲੋਂ ਪਦਮ ਸ੍ਰੀ ਨਾਲ ਨਿਵਾਜਿਆ ਗਿਆ ਸੀ ਅਤੇ ਹੁਣ ਉਹਨਾਂ ਨੂੰ ਰਸਮੀ ਤੌਰ ਤੇ ਪਾਰਟੀ ਵਿੱਚ ਸਾਮਲ ਕਰਕੇ ਭਵਿੱਖ ਚ ਹੋਰ ਸਿਆਸੀ ਰੁਤਬਿਆਂ ਦੇ ਲਾਭ ਦੇਣ ਦੇ ਰਾਹ ਪੱਧਰੇ ਕੀਤੇ ਜਾ ਰਹੇ ਹਨ।ਪੰਜਾਬ ਅੰਦਰ ਸਿਆਸੀ ਪੱਖ ਤੋਂ ਵੀ ਸ੍ਰ ਫੂਲਕਾ ਦਾ ਰਿਕਾਰਡ ਸਵਾਲਾਂ ਨਾਲ ਭਰਿਆ ਪਿਆ ਹੈ। ਆਮ ਆਦਮੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਕੇ ਵਿਧਾਇਕ ਬਣਨਾ, ਫਿਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਨੇਤਾ ਬਣਨਾ,ਇਹ ਸਭ ਕੁਝ ਲੋਕਾਂ ਦੇ ਭਰੋਸੇ ਨਾਲ ਸੰਭਵ ਹੋਇਆ ਸੀ। ਪਰ ਉਸ ਭਰੋਸੇ ਦਾ ਕੀ ਬਣਿਆ? ਫਿਰ ਅਚਾਨਕ ਅਸਤੀ.ਫਾ ਦੇ ਕੇ ਮੈਦਾਨ ਛੱਡ ਜਾਣਾ ਕਿਸ ਗੱਲ ਦੀ ਨਿਸ਼ਾਨੀ ਸੀ?

ਇਹ ਸਿਰਫ਼ ਇੱਕ ਅਸਤੀਫ਼ਾ ਨਹੀਂ ਸੀ, ਇਹ ਉਸ ਹਲਕੇ ਦੇ ਲੋਕਾਂ ਨਾਲ ਕੀਤਾ ਗਿਆ ਧੋਖਾ ਸੀ ਜਿਨ੍ਹਾਂ ਨੇ ਉਨ੍ਹਾਂ 'ਤੇ ਭਰੋਸਾ ਕੀਤਾ ਸੀ। ਅੱਜ ਉਹੀ ਵਿਅਕਤੀ ਮੁੜ ਸਿਆਸਤ ਵਿੱਚ ਵਾਪਸ ਆ ਜਾਂਦਾ ਹੈ, ਇਸ ਵਾਰ ਭਾਰਤੀ ਜਨਤਾ ਪਾਰਟੀ ਦੇ ਰਥ 'ਤੇ ਸਵਾਰ ਹੋਕੇ ਮੈਦਾਨ ਵਿੱਚ ਨਿਤਰਿਆ ਹੈ।ਸਵਾਲ ਇਹ ਹੈ ਕਿ ਇਹ ਵਾਪਸੀ ਕਿਸ ਲਈ ਹੈ ? ਜਿਸਨੇ ਇੱਕ ਵਾਰ ਧੋਖਾ ਦਿੱਤਾ, ਉਸ 'ਤੇ ਦੁਬਾਰਾ ਵਿਸ਼ਵਾਸ ਕਰਨਾ ਮੁਸ਼ਕਲ ਹੁੰਦਾ ਹੈ। ਅੱਜ ਹਾਲਾਤ ਵੀ ਕੁਝ ਐਸੇ ਹੀ ਹਨ। ਜਦੋਂ ਇੱਕ ਵਿਅਕਤੀ ਆਪਣੀ ਪਹਿਲੀ ਸਿਆਸੀ ਜ਼ਿੰਮੇਵਾਰੀ ਨੂੰ ਅਧੂਰਾ ਛੱਡ ਜਾਵੇ, ਤਾਂ ਉਸਦੀ ਦੂਜੀ ਪਾਰੀ 'ਤੇ ਲੋਕ ਕਿਵੇਂ ਯਕੀਨ ਕਰਨਗੇ।

ਕੋਈ ਐਸੀ ਤਾਕਤ ਹੈ ਜਿਸਨੇ ਇੱਕ ਵਾਰ ਮੈਦਾਨ ਛੱਡਣ ਵਾਲੇ ਨੂੰ ਮੁੜ ਸਿਆਸੀ ਖੇਡ ਮੈਦਾਨ ਵਿੱਚ ਪੂਰਨ ਭਰੋਸ਼ੇ ਨਾਲ ਉਤਾਰਿਆ ਹੈ। ਸ੍ਰ ਗੁਰਚਰਨ ਸਿੰਘ ਬੱਬਰ ਦੀ ਖੁੱਲ੍ਹੀ ਚੁਣੌਤੀ ਜਵਾਬ ਦੀ ਉਡੀਕ ਕਰ ਰਹੀ ਹੈ। ਪਰ ਫੂਲਕਾ ਸਾਹਬ ਵੱਲੋਂ ਅਜੇ ਬੱਬਰ ਸਾਹਿਬ ਦੇ ਦੋਸਾਂ ਤੇ ਚੁੱਪੀ ਧਾਰੀ ਹੋਈ ਹੈ। ਇਹ ਚੁੱਪੀ ਹੁਣ ਸਵਾਲਾਂ ਤੋਂ ਵੱਡੀ ਬਣਦੀ ਜਾ ਰਹੀ ਹੈ।ਇੱਕ ਪਾਸੇ 1984 ਦੀਆਂ ਵਿਧਵਾਵਾਂ ਹਨ, ਜਿਨ੍ਹਾਂ ਦੇ ਘਰ ਅਜੇ ਵੀ ਇੱਕ ਕਮਰੇ ਤੱਕ ਸੀਮਿਤ ਹਨ, ਜਿਨ੍ਹਾਂ ਦੀ ਜ਼ਿੰਦਗੀ ਅਜੇ ਵੀ ਸੰਘਰਸ਼ੀ ਹੈ। ਦੂਜੇ ਪਾਸੇ ਉਹ ਚਿਹਰੇ ਹਨ ਜੋ ਉਸ ਦਰਦ ਨੂੰ ਆਪਣੀ ਪਛਾਣ ਬਣਾਕੇ ਅੱਜ ਸ਼ਾਨੋ-ਸ਼ੌਕਤ ਵਿੱਚ ਜੀ ਰਹੇ ਹਨ। ਗੁਰਚਰਨ ਸਿੰਘ ਬੱਬਰ ਦੇ ਸਵਾਲਾਂ ਤੇ ਗੌਰ ਕਰਨ ਦੀ ਲੋੜ ਹੈ ਇਹ ਜਾਣਨ ਦੀ ਲੋੜ ਹੈ ਕਿ 1984 ਦੇ ਦਰਦ ਤੋਂ ਕਿਸਨੇ ਕੀ ਹਾਸਲ ਕੀਤਾ। ਲੋੜ ਹੈ ਇਹ ਸਮਝਣ ਦੀ ਕਿ ਕੌਣ ਸੱਚਮੁੱਚ ਪੀੜਤਾਂ ਦੇ ਨਾਲ ਖੜ੍ਹਾ ਸੀ ਅਤੇ ਕੌਣ ਸਿਰਫ਼ ਉਹਨਾਂ ਦੇ ਦਰਦ ਨੂੰ ਮੁਨਾਫੇ ਦਾ ਕਾਰੋਬਾਰ ਅਤੇ ਸਿਆਸੀ ਮੰਚ ਬਣਾ ਕੇ ਵਰਤਦਾ ਰਿਹਾ ਹੈ। ਗੁਰਚਰਨ ਸਿੰਘ ਬੱਬਰ ਵੱਲੋਂ ਲਾਏ ਗਏ ਇਲਜਾਮ ਬੇਹੱਦ ਗੰਭੀਰ ਹਨ ਜਿੰਨਾਂ ਨੂੰ ਸੁਣ ਕੇ ਚੁੱਪ ਨਹੀ ਕੀਤਾ ਜਾ ਸਕਦਾ,ਬਲਕਿ ਉਸ ਸੱਚ ਦੀ ਤਹਿ ਤੱਕ ਜਾਣ ਦੀ ਜਰੂਰਤ ਹੈ।

ਇਹ ਇਸ ਲਈ ਜਰੂਰੀ ਹੈ ਤਾਂ ਕਿ ਇਹ ਪਤਾ ਲਗਾਇਅ ਜਾ ਸਕੇ ਕਿ ਕੌਮ ਦੇ ਅੰਦਰ ਐਨੇ ਲਾਲਚੀ ਅਤੇ ਖੁਦਗਰਜ ਲੋਕ ਵੀ ਹਨ,ਜਿਹੜੇ ਆਪਣਿਆਂ ਦੀਆਂ ਲਾਸਾਂ ਦਾ ਮੁੱਲ ਵੱਟਣ ਤੋ ਵੀ ਗੁਰੇਜ ਨਹੀ ਕਰਦੇ।ਐਨੇ ਕੌਂਮ ਧਰੋਹੀ ਹਨ ਕਿ ਨਿੱਜੀ ਲੋਭ ਲਾਲਸਾ ਖਾਤਰ ਆਪਣੀ ਕੌਮ ਦੀਆਂ ਅਭਾਗੀਆਂ ਵਿਧਵਾਵਾਂ ਨੂੰ ਇਨਸਾਫ ਦਿਵਾਉਣ ਦੀ ਬਜਾਏ ਉਸ ਕਾਤਲ ਸਟੇਟ ਦਾ ਪੱਖ ਪੂਰਦੇ ਰਹੇ ਹਨ,ਜਿਹੜੀ ਮੁੱਢੋਂ ਹੀ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਉਂਦੀ ਰਹੀ ਹੈ।

ਕਿੰਨੀ ਭੋ.ਲੀ ਹੈ ਸਿੱਖ ਕੌਂਮ ਕਿ ਧੋਖੇਵਾਜ ਨੂੰ ਦਹਾਕਿਆਂ ਤੱਕ ਕਤਲੇਆਮ ਦੇ ਇਨਸਾਫ ਦਾ ਨਾਇਕ ਸਮਝਦੀ ਰਹੀ ਅਤੇ ਕਿੰਨੇ ਬੇਵੱਸ ਹੋਣਗੇ ਉਹ ਲੋਕ ਜਿਹੜੇ ਫਿਰ ਵੀ ਫੂਲਕਾ ਸਾਹਬ ਵਰਗਿਆਂ ਤੋ ਇਨਸਾਫ ਦਿਵਾਉਣ ਦੀ ਆਸ ਰੱਖਦੇ ਰਹੇ।ਸੋ ਹੋਰ ਵੀ ਬਹੁਤ ਸਾਰੇ ਸਵਾਲ ਦਿੱਲੀ ਦੇ ਉਸ ਸੀਨੀਅਰ ਪੱਤਰਕਾਰ ਅਤੇ ਲੇਖਕ ਨੇ ਖੜੇ ਕੀਤੇ ਹਨ,ਪਰੰਤੂ ਹੁਣ ਇਹਨਾਂ ਦੇ ਜਵਾਬ ਐਡਵੋਕੇਟ ਫੂਲਕਾ ਸਾਹਬ ਤੋ ਲੱਭਣ ਦੀ ਬਜਾਏ ਸਿੱਖ ਕੌਂਮ ਨੂੰ ਆਪਣੇ ਅੰਦਰੋ ਲੱਭਣੇ ਚਾਹੀਦੇ ਹਨ ਅਤੇ ਫਿਰ ਇਹ ਨਿਰਣਾ ਕਰਨ ਦੀ ਜਰੂਰਤ ਹੈ ਕਿ ਕੌਂਮ ਧਰੋਹੀਆਂ ਨਾਲ ਕਿਹੋ ਜਿਹਾ ਵਰਤ ਵਰਤਾਵਾ ਰੱਖਣਾ ਚਾਹੀਦਾ ਹੈ,ਤਾਂ ਕਿ ਭਵਿੱਖੀ ਧੋਖੇਵਾਜੀਆਂ ਤੋ ਬਚਿਆ ਜਾ ਸਕੇ।







Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**




- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA




ਬਰਜਿੰਦਰ ਕੌਰ ਬਿਸਰਾਓ
99889-01324

# ਕੀ ਅਸੀਂ ਰੀਲਾਂ ਵਿੱਚ ਉਲਝ ਗਏ ਹਾਂ...?

ਕਦੇ ਜ਼ਮਾਨਾ ਹੁੰਦਾ ਸੀ ਕਿ ਹਰ ਘਰ ਦੀਆਂ ਔਰਤਾਂ, ਘਰੇ ਹੀ ਸਿਲਾਈ ਮਸ਼ੀਨ ਤੇ ਕੁਝ ਨਾ ਕੁਝ ਸਿਊਣ ਲਈ ਬਜ਼ਾਰੋਂ ਕੱਪੜੇ ਦੇ ਰੰਗ ਨਾ.ਲ ਦੀਆਂ ਰੀਲਾਂ ਖ਼ਰੀਦ ਕੇ ਲਿਆਉਂਦੀਆਂ ਸਨ। ਜੇ ਕਿਤੇ ਓਹਨੂੰ ਕੱਪੜੇ ਦੇ ਰੰਗ ਨਾਲ ਦੀ ਰੀਲ ਨਾ ਮਿਲਦੀ ਤਾਂ ਓਹ ਆਪਣੀ ਕਿਸੇ ਸਖ਼ੀ ਸਹੇਲੀ ਜਾਂ ਗੁਆਂਢਣ ਤੋਂ ਪੁੱਛਦੀ। ਗੱਲ ਕੀ ਪੁਰਾਤਨ ਔਰਤਾਂ ਘਰ ਦੇ ਕੰਮਾਂ ਕਾਰਾਂ ਤੋਂ ਵਿਹਲੀਆਂ ਹੋ ਕੇ ਘਰ ਵਿੱਚ ਸਲਾਈ ਕਢਾਈ ਕਰਨ ਲਈ ਰੰਗ ਬਿਰੰਗੀਆਂ ਰੀਲਾਂ ਵਿੱਚ ਉਲਝੀਆਂ ਦਿਸਦੀਆਂ ਸਨ। ਕਦੇ ਕਿਸੇ ਬੱਚੇ ਦੇ ਫਟੇ ਕੱਪੜੇ ਨੂੰ ਸਿਊਣਾ ਜਾਂ ਨਵਾਂ ਸੂਟ ਸਿਊਣਾ ਜਾਂ ਘਰ ਦੇ ਬਾਕੀ ਜੀਆਂ ਦੇ ਕੱਪੜੇ ਸਿਊਣੇ ਹੁੰਦੇ ਤਾਂ ਉਹ ਬਜ਼ਾਰੋਂ ਕੱਪੜੇ ਦੀ ਲੀਰ ਦੇ ਕੇ ਉਸ ਰੰਗ ਦੀਆਂ ਰੀਲਾਂ ਮੰਗਵਾਉਂਦੀਆਂ ਹੁੰਦੀਆਂ ਸਨ। ਸਾਰੇ ਲੋਕ ਉਹਨਾਂ ਰੀਲਾਂ ਵਿੱਚ ਉਲਝੀ ਔਰਤ ਨੂੰ ਸੁਘੜ ਸਿਆਣੀ ਔਰਤ ਮੰਨਦੇ ਸਨ। ਜ਼ਮਾਨੇ ਦੇ ਹਿਸਾਬ ਨਾਲ ਬੱਸ ਫ਼ਰਕ ਏਨਾ ਕੁ ਹੀ ਪਿਆ ਹੈ ਕਿ ਅੱਜ ਦੀ ਔਰਤ ਬੇਢੰਗੇ ਕੱਪੜੇ ਪਾ ਕੇ, ਸੜਕਾਂ ਤੇ ਗੱਡੀਆਂ ਚਲਾ ਕੇ, ਸੜਕਾਂ ਵਿਚਕਾਰ ਵੱਡੀਆਂ ਵੱਡੀਆਂ ਕਾਰਾਂ ਖੜ੍ਹੀਆਂ ਕਰਕੇ ਰੀਲਾਂ ਬਣਾਉਣ ਵਾ.ਲੀ ਬਣ ਗਈ ਹੈ। ਗੱਲ ਇਕੱਲੀਆਂ ਔਰਤਾਂ ਦੀ ਹੀ ਨਹੀਂ,ਅੱਜ ਹਰ ਵਿਅਕਤੀ ਰੀਲਾਂ ਵਿੱਚ ਉਲਝਿਆ ਪਿਆ ਹੈ। ਕਿਤੇ ਸਾਡੇ ਵੱਡੇ ਵਡੇਰੇ ਅੱਜ ਧਰਤੀ ਤੇ ਆ ਕੇ ਇਸ ਦੁਨੀਆਂ ਦਾ ਨਜ਼ਾਰਾ ਵੇਖਣ ਤਾਂ ਉਹਨਾਂ ਨੂੰ ਕੋਈ ਵਿਅਕਤੀ ਵਿਹਲਾ ਨਜ਼ਰ ਨਹੀਂ ਆਏਗਾ ਤੇ ਨਾ ਹੀ ਕੋਈ ਬਹੁਤਾ ਕੰਮ ਕਰਦਾ ਨਜ਼ਰ ਆਏਗਾ। ਅੱਜ ਦੇ ਦੌਰ ਵਿੱਚ ਕਿਤੇ ਵੀ ਚਲੇ ਜਾਓ,ਚਾਹੇ ਹਸਪਤਾਲ,ਰੇਲਵੇ ਸਟੇਸ਼ਨ,ਬੱਸ ਅੱਡੇ, ਸੱਥਾਂ ਵਿੱਚ, ਘਰਾਂ ਵਿੱਚ, ਬੱਚਿਆਂ ਦੇ ਕਮਰੇ ਵਿੱਚ, ਰੋਟੀ ਖਾਂਦੇ ਹੋਏ ,ਸੌਣ ਲੱਗੇ, ਗੁਆਂਢੀਆਂ ਦੇ ਘਰੇ, ਗ.ਲੀ ਵਿੱਚ ਬੈਠੀਆਂ ਚਾਰ ਔਰਤਾਂ ਕੋ.ਲ, ਬੱਸਾਂ ਵਿੱਚ ਬੈਠੇ, ਰੇਲਾਂ ਵਿੱਚ ਸਫ਼ਰ ਕਰਦੇ, ਕੰਮ ਕਾਜੀ ਥਾਵਾਂ ਤੇ,ਭਾਵ ਕਿ ਹਰ ਜਗ੍ਹਾ ਤੁਹਾਨੂੰ ਲੋਕ ਮੋਬਾਈਲ ਤੇ ਰੁੱਝੇ ਨਜ਼ਰ ਆਉਣਗੇ। ਟੱਚ ਸਕਰੀਨ ਵਾਲੇ ਸਮਾਰਟ ਫੋਨਾਂ ਤੇ ਨੰਨ੍ਹੀਆਂ ਉਂਗ.ਲਾਂ ਤੋਂ ਲੈਕੇ ਝੁਰੜੀਆਂ ਵਾ.ਲੀਆਂ ਉਂਗ.ਲਾਂ ਫ਼ੋਨ ਤੇ ਅੱਖਾਂ ਗੱਡੀ ਬੈਠੇ ਕੁਛ ਅੱਗੇ ਨੂੰ ਵਧਾਉਂਦੇ (ਸਕਰੋਲ ਕਰਦੇ) ਨਜ਼ਰ ਆਉਣਗੇ। ਹਰ ਕੋਈ ਆਪਣੇ ਆਪਣੇ ਮਨਪਸੰਦ ਦੇ ਕੰਟੈਂਟ ਦੀਆਂ ਰੀਲਾਂ ਖੋਲ੍ਹ ਕੇ ਮੋਬਾਈਲ ਤੇ ਐਨੀ ਨੀਝ ਲਾ ਕੇ ਬੈਠਾ ਨਜ਼ਰ ਆਉਂਦਾ ਹੈ ਕਿ ਕਈ ਵਾਰ ਤਾਂ ਉਸ ਨੂੰ ਆਪਣੇ ਆ.ਲੇ ਦੁਆ.ਲੇ ਦਾ ਵੀ ਧਿਆਨ ਨਹੀਂ ਰਹਿੰਦਾ ਕਿ ਉਹ ਸੋਗ ਕਰਨ ਵਾ.ਲੀ ਜਗ੍ਹਾ ਤੇ ਫ਼ੋਨ ਵੇਖਦਾ ਵੇਖਦਾ ਹੱਸ ਪੈਂਦਾ ਹੈ, ਨੱਚਣ ਗਾਉਣ ਵਾ.ਲੀ ਜਗ੍ਹਾ ਤੇ ਬੈਠਾ ਰੀਲ ਦੇਖਦਾ ਦੇਖਦਾ ਭਾਵੁਕ ਹੋ ਜਾਂਦਾ ਹੈ, ਘਰਵਾ.ਲੇ ਤੇ ਘਰਵਾ.ਲੀ ਦਾ ਆਪਸੀ ਝਗੜਾ ਇੱਕ ਦੂਜੇ ਨੂੰ ਰੀਲਾਂ ਭੇਜ ਭੇਜ ਕੇ ਇੱਕ ਦੂਜੇ ਨੂੰ .ਗਲਤ ਠਹਿਰਾਉਣ ਦਾ ਸਭ ਤੋਂ ਉੱਤਮ ਸਾਧਨ ਬਣ ਜਾਂਦਾ ਹੈ।

ਅਸਲ ਵਿੱਚ ਰੀਲ ਕੀ ਹੁੰਦੀ ਹੈ? ਇਸ ਬਾਰੇ ਜਾਣਨਾ ਵੀ ਜ਼ਰੂਰੀ ਹੈ। ਰੀਲ ਇੱਕ ਕਿਸਮ ਦਾ ਵੀਡੀਓ ਕੰਟੈਂਟ ਹੈ ਜੋ ਸੋਸ਼ਲ ਮੀਡੀਆ ਪਲੈਟਫਾਰਮਾਂ 'ਤੇ ਸਾਂਝਾ ਕੀਤਾ ਜਾਂਦਾ ਹੈ, ਖ਼ਾਸਕਰ ਇੰਸਟਾਗ੍ਰਾਮ ਅਤੇ ਫ਼ੈਸਬੁੱਕ ਅਤੇ ਯੂ ਟਿਊਬ ਆਦਿ ਤੇ। ਇਹ ਆਦਤਨ 15 ਸੈਕੰਡ ਤੋਂ 90 ਸੈਕੰਡ ਤੱਕ ਦਾ ਹੁੰਦਾ ਹੈ ਅਤੇ ਇਸ ਵਿੱਚ ਮਜ਼ੇਦਾਰ, ਰਚਨਾਤਮਕ, ਜਾਂ ਜਾਣਕਾਰੀ ਭਰਪੂਰ ਕੰਟੈਂਟ ਹੁੰਦਾ ਹੈ। ਰੀਲਾਂ ਵਿੱਚ ਆਮ ਤੌਰ ਤੇ ਮਿਊਜ਼ਿਕ,ਇਫ਼ੈਕਟਸ, ਅਤੇ ਟੈਕਸਟ ਹੁੰਦੇ ਹਨ, ਜੋ ਇਸ ਨੂੰ ਹੋਰ ਦਿਲਚਸਪ ਅਤੇ ਦਿਲਕਸ਼ ਬਣਾਉਂਦੇ ਹਨ। ਲੋਕ ਰੀਲਾਂ ਦੀ ਵਰਤੋਂ ਆਪਣੀ ਕ੍ਰੀਏਟਿਵਿਟੀ ਦਿਖਾਉਣ, ਮਜ਼ਾਕ ਕਰਨ, ਜਾਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕਰਦੇ ਹਨ। ਇਸ ਨਾਲ ਲੋਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ ਤੇ ਕਈ ਕਈ ਰੀਲਾਂ ਵੇਖ ਕੇ ਬਹੁਤ ਕੁਝ ਸਿੱਖਣ ਨੂੰ ਵੀ ਮਿ.ਲ ਜਾਂਦਾ ਹੈ। ਕਈ ਲੋਕ ਰੀਲਾਂ ਬਣਾ ਕੇ ਬਹੁਤ ਸਾਰੇ ਪੈਸੇ ਵੀ ਕਮਾ ਰਹੇ ਹਨ। ਅਗਰ ਕਿਸੇ ਦਾ ਕੰਟੈਂਟ ਭਾਵ ਸਮੱਗਰੀ ਵਧੀਆ ਹੈ ਉਸ ਵਿੱਚ ਚੰਗੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਜਾਂ ਲੋਕਾਂ ਦੇ ਮਨੋਰੰਜਨ ਲਈ ਸਾਫ਼ ਸੁਥਰੇ ਮਨੋਭਾਵ ਪ੍ਰਗਟ ਕੀਤੇ ਜਾਂਦੇ ਹਨ ਤਾਂ ਉਹ ਵੇਖਣ ਵਾਲਿਆਂ ਲਈ ਵੀ ਮਨੋਰੰਜਨ ਭਰਪੂਰ ਅਤੇ ਸਿੱਖਿਆਦਾਇਕ ਹੁੰਦੀਆਂ ਹਨ। ਅੱਜ ਸਾਡੇ ਦੇਸ਼ ਵਿੱਚ ਲੋਕਾਂ ਉੱਤੇ ਰੀਲਾਂ ਬਣਾਉਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਉਹ ਹਰ ਜਗ੍ਹਾ ਤੇ ਰੀਲਾਂ ਬਣਾਉਂਦੇ ਦਿਖਾਈ ਦਿੰਦੇ ਹਨ। ਚਾਹੇ ਕੋਈ ਕਿਤੇ ਘੁੰਮਣ ਗਿਆ ਹੋਵੇ, ਖ਼ੁਸ਼ੀ ਦੇ ਮੌਕੇ ਦੀਆਂ, ਇੱਥੋਂ ਤੱਕ ਕਿ ਆਪਣੇ ਕਿਸੇ ਸਕੇ ਸਬੰਧੀਆਂ ਦੀ ਮੌਤ, ਅੰਤਿਮ ਸੰਸਕਾਰ ਆਦਿ ਦੀਆਂ ਰੀਲਾਂ ਵੀ ਬਣਾਉਂਦੇ ਹਨ। ਕੋਈ ਸੋਚਣ ਵਾ.ਲਾ ਹੋਵੇ ਕਿ ਉਹ ਮੌਕਾ ਕੋਈ ਰੀਲਾਂ ਬਣਾਉਣ ਦਾ ਹੁੰਦਾ ਹੈ? ਕਈ ਲੋਕ ਸੜਕਾਂ ਤੇ ਜਾਂਦੇ ਜਾਂਦੇ,ਰੇਲ ਵਿੱਚ ਸਫ਼ਰ ਕਰਦੇ ਕਰਦੇ ਜਾਂ ਰੇਲਾਂ ਦੀਆਂ ਪਟੜੀਆਂ ਤੇ ਬੈਠ ਕੇ, ਪਹਾੜਾਂ ਵਿੱਚ ਖ਼ਤਰਨਾਕ ਜਗ੍ਹਾ ਤੇ ਖੜ੍ਹ ਕੇ ਜਾਂ ਨੌਜਵਾਨ ਹੁੱਲੜਬਾਜੀਆਂ ਕਰਦੇ ਹੋਏ ਰੀਲਾਂ ਬਣਾਉਂਦੇ ਹੋਏ ਆਪਣੀ ਜਾਨ ਵੀ ਗਵਾ ਬੈਠਦੇ ਹਨ ਜਾਂ ਕੋਈ ਹੋਰ ਭਾਣਾ ਵਰਤਾ ਬੈਠਦੇ ਹਨ। ਕਈ ਲੋਕ ਆਪਣੇ ਦਫ਼ਤਰੀ ਮਰਿਆਦਾ ਭੁੱਲ ਕੇ ਦਫਤਰਾਂ ਵਿੱਚ ਬੈਠੇ ਰੀਲਾਂ ਬਣਾਉਂਦੇ ਬਣਾਉਂਦੇ ਆਪਣੀ ਨੌਕਰੀ ਤੋਂ ਹੱਥ ਧੋ ਬੈਠਦੇ ਹਨ। ਅੱਜ ਕੱਲ੍ਹ ਤਾਂ ਭੋ.ਲਾ ਭਾਲਾ ਬਚਪਨ ਵੀ ਰੀਲਾਂ ਦੇ ਚੱਕਰ ਵਿੱਚ ਗਵਾਚ ਗਿਆ ਹੈ। ਬਹੁਤ ਮਾਪੇ ਆਪਣੇ ਮਾਸੂਮਾਂ ਤੋਂ ਵੱਡਿਆਂ ਵਾ.ਲੀਆਂ ਗੱਲਾਂ ਬੁਲਵਾ ਕੇ ਜਾਂ ਨੱਚਣ ਗਾਉਣ ਦੀਆਂ ਵੀਡੀਓਜ਼ ਬਣਾ ਕੇ ਰੀਲਾਂ ਪਾਉਂਦੇ ਹਨ ਤੇ ਬੱਚਿਆਂ ਦੇ ਬਚਪਨ ਵਾ.ਲੀ ਮਾਸੂਮੀਅਤ ਉਹਨਾਂ ਦੇ ਮਾਪਿਆਂ ਦੇ ਫ਼ੋਨਾਂ ਵਿੱਚ ਕੈਦ ਹੋ ਰਹੀ ਹੈ। ਬਿਨਾਂ ਕਿਸੇ ਪ੍ਰਾਪਤੀ ਦੇ ਰੀਲਾਂ ਜ਼ਰੀਏ ਬਹੁਤ ਜਲਦੀ ਪ੍ਰਸਿੱਧੀ ਖੱਟਣ ਦੀ ਹੋੜ ਲੱਗੀ ਹੋਈ ਹੈ। ਰੀਲਾਂ ਦੇ ਵੀਊ ਵੇਖ ਵੇਖ ਖੁਸ਼ ਹੋਣਾ ਤੇ ਆਪਣੇ ਆਪ ਨੂੰ ਸੈਲੇਬ੍ਰਿਟੀ ਮਹਿਸੂਸ ਕਰਨਾ ਆਮ ਜਿਹੀ ਗੱਲ ਹੋ ਗਈ ਹੈ। ਕਈ ਪਤੀ ਪਤਨੀਆਂ ਦੇ ਜੋੜੇ ਘਟੀਆ ਕੰਟੈਂਟ ਦੀਆਂ ਰੀਲਾਂ ਬਣਾ ਕੇ ਪ੍ਰਸਿੱਧੀ ਹਾਸਲ ਕਰਦੇ ਵੀ ਵੇਖੇ ਜਾਂਦੇ ਹਨ। ਉਹਨਾਂ ਲੋਕਾਂ ਦਾ ਮਕਸਦ ਸਿਰਫ਼ ਵਿਊ ਵਧਾਉਣਾ ਅਤੇ ਜ਼ਿਆਦਾ ਕੁਮੈਂਟ ਹਾਸਲ ਕਰਨਾ ਹੁੰਦਾ ਹੈ ਚਾਹੇ ਉਸ ਵਿੱਚ ਉਹਨਾਂ ਨੂੰ ਗਾ.ਲਾਂ ਹੀ ਕਿਉਂ ਨਾ ਕੱਢੀਆਂ ਹੋਣ।

ਰੀਲਾਂ ਬਣਾਉਣ ਨਾਲੋਂ ਜ਼ਿਆਦਾ ਰੀਲਾਂ ਵੇਖਣ ਦੀ ਸਥਿਤੀ ਜ਼ਿਆਦਾ ਹਾਨੀਕਾਰਕ ਸਿੱਧ ਹੋ ਰਹੀ ਹੈ। ਅੱਜ ਦੇ ਮਨੁੱਖ ਦੀ ਦਿਨ ਦੀ ਸ਼ੁਰੂਆਤ ਬਲਿਊ ਸਕ੍ਰੀਨ ਤੇ ਗੁੱਡ ਮੌਰਨਿੰਗ ਦੀਆਂ ਰੀਲਾਂ ਤੋਂ ਸ਼ੁਰੂ ਹੋ ਜਾਂਦੀ ਹੈ। ਹਰ ਕਿਸੇ ਦੀ ਜ਼ਿੰਦਗੀ ਇੱਕ ਦੂਜੇ ਨੂੰ ਰੀਲਾਂ ਭੇਜਣ ਤੋਂ ਲੈ ਕੇ ਰੀਲਾਂ ਖੋਲ੍ਹਣ ਤੱਕ ਉ.ਲਝ ਕੇ ਰਹਿ ਗਈ ਹੈ। ਜਿਹੜਾ ਸਮਾਂ ਪਹਿਲਾਂ ਲੋਕ ਆਪਣੇ ਕੰਮਾਂ ਕਾਰਾਂ ਵਿੱਚ ਲਾ ਕੇ ਸਾਰਥਕ ਬਣਾਉਣਾ ਹੁੰਦੇ ਸਨ , ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਪਰਿਵਾਰਕ ਮੈਂਬਰ ਇਕੱਠੇ ਬੈਠ ਕੇ ਸਲਾਹ ਮਸ਼ਵਰਾ ਕਰਦੇ ਹੋਏ ਜਾਂ ਹੱਸਦੇ ਖੇਡਦੇ ਆਪਸੀ ਪਿਆਰ ਵਧਾਉਂਦੇ ਹੋਏ ਬਿਤਾਉਂਦੇ ਸਨ,ਉਹ ਸਭ ਕੁਝ ਅੱਜ ਰੀਲਾਂ ਦੀ ਭੇਂਟ ਚੜ੍ਹ ਰਿਹਾ ਹੈ। ਅੱਜ ਹਰ ਕੋਈ ਆਪਣੇ ਆਪਣੇ ਮੋਬਾਈਲ ਤੇ ਨਿਗ੍ਹਾ ਟਿਕਾਈ ਬੈਠਾ ਰੀਲਾਂ ਵਿੱਚ ਉ.ਲਝਿਆ ਨਜ਼ਰ ਆਉਂਦਾ ਹੈ। ਜੋ ਕਿ ਮਾਨਸਿਕ ਬੀਮਾਰੀਆਂ ,ਡਿਪਰੈਸ਼ਨ, ਕਾਹਲਾਪਣ , ਗੁੱਸਾ, ਫਰਸਟ੍ਰੇਸ਼ਨ ਜਾਂ ਅੱਖਾਂ ਤੇ ਦਿਲ ਦੇ ਭਿਆਨਕ ਰੋਗਾਂ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਹਰ ਵੇਲੇ ਰੀਲਾਂ ਬਣਾਉਣ ਅਤੇ ਵੇਖਣ ਵਿੱਚ ਰੁੱਝੇ ਰਹਿਣ ਵਾਲੇ ਲੋਕ ਸਮਾਂ ਬਰਬਾਦ ਕਰਨ ਦੇ ਨਾਲ ਨਾਲ ਸਿਹਤ ਦਾ ਨੁਕਸਾਨ ਵੀ ਕਰ ਰਹੇ ਹਨ। ਇਹ ਥੋੜ੍ਹ ਚਿਰੀ ਪ੍ਰਸਿੱਧੀ ਵੀ ਥੋੜ੍ਹ ਚਿਰੀ ਖ਼ੁਸ਼ੀ ਦਾ ਸਾਧਨ ਤਾਂ ਹੋ ਸਕਦੀ ਹੈ ਪਰ ਇਹ ਸਥਾਈ ਖ਼ੁਸ਼ੀ ਨਹੀਂ ਦੇ ਸਕਦੀ।






# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ

ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉੱਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਫਲੂਐਂਸੀ ਤੋਂ ਪਰੇ: ਸਪੋਕਨ ਅੰਗਰੇਜ਼ੀ ਸਿੱਖਿਆ 'ਤੇ ਮੁੜ ਵਿਚਾਰ ਕਰਨਾ

ਇੱਕ ਭਾਸ਼ਾ ਸਿਖਾਉਣ ਲਈ ਇਸ ਗੱਲ ਦੀ ਸਮਝ ਦੀ ਲੋੜ ਹੁੰਦੀ ਹੈ ਕਿ ਸਿਖਿਆਰਥੀ ਭਾਸ਼ਾ ਕਿਵੇਂ ਹਾਸਲ ਕਰਦੇ ਹਨ, ਗਲਤੀਆਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ, ਅਤੇ ਸੰਚਾਰ ਯੋਗਤਾ ਕਿਵੇਂ ਵਿਕਸਿਤ ਕੀਤੀ ਜਾ ਸਕਦੀ ਹੈ। ਸਿੱਖਣ ਵਾਲਿਆਂ ਨਾਲ ਭਰੀ ਕਲਾਸਰੂਮ ਆਪਣੇ ਦਿਲ 'ਤੇ ਹੱਥ ਰੱਖ ਕੇ ਖੜ੍ਹੀ ਹੈ, ਇਕਜੁੱਟ ਹੋ ਕੇ ਦੁਹਰਾ ਰਹੀ ਹੈ: "ਅੱਜ ਤੋਂ, ਮੈਂ ਸਿਰਫ਼ ਅੰਗਰੇਜ਼ੀ ਵਿੱਚ ਹੀ ਬੋਲਾਂਗਾ। ਮੈਂ ਅੰਗਰੇਜ਼ੀ ਵਿੱਚ ਬੋਲ ਸਕਦਾ ਹਾਂ ਇਹ ਅਭਿਆਸ ਇੱਕ ਵਚਨਬੱਧਤਾ ਵਰਗਾ ਹੈ ਗੰਭੀਰ, ਸਮੂਹਿਕ ਅਤੇ ਆਸ਼ਾਵਾਦੀ। ਕਈਆਂ ਲਈ, ਇਹ ਆਤਮ-ਵਿਸ਼ਵਾਸ ਅਤੇ ਸਵੈ-ਸੁਧਾਰ ਵੱਲ ਯਾਤਰਾ ਦੀ ਸ਼ੁਰੂਆਤ ਦਾ ਸੰਕੇਤ ਹੈ। ਫਿਰ ਵੀ, ਕੋਈ ਮਦਦ ਨਹੀਂ ਕਰ ਸਕਦਾ ਪਰ ਹੈਰਾਨ ਹੈ: ਕੀ ਅਜਿਹੀ ਘੋਸ਼ਣਾਵਾਂ ਦੁਆਰਾ ਕਿਸੇ ਭਾਸ਼ਾ ਵਿੱਚ ਰਵਾਨਗੀ ਸੱਚਮੁੱਚ ਪ੍ਰਾਪਤ ਕੀਤੀ ਜਾ ਸਕਦੀ ਹੈ?

ਇਹ ਦ੍ਰਿਸ਼ ਅਸਾਧਾਰਨ ਨਹੀਂ ਹੈ। ਛੁੱਟੀਆਂ ਦੇ ਸੀਜ਼ਨ ਦੀ ਸ਼ੁਰੂਆਤ ਨਾਲ, ਕਈ ਬੋਲਣ ਵਾਲੇ ਅੰਗਰੇਜ਼ੀ ਕੇਂਦਰ ਕਸਬਿਆਂ ਅਤੇ ਸ਼ਹਿਰਾਂ ਵਿੱਚ ਦਿਖਾਈ ਦਿੰਦੇ ਹਨ, ਜੋ ਆਕਰਸ਼ਕ ਪੈਕੇਜ ਅਤੇ ਪ੍ਰੇਰਣਾਦਾਇਕ ਵਾਅਦੇ ਪੇਸ਼ ਕਰਦੇ ਹਨ। ਇਸ਼ਤਿਹਾਰ ਸਿਖਿਆਰਥੀਆਂ ਨੂੰ ਯਕੀਨ ਦਿਵਾਉਂਦੇ ਹਨ ਕਿ ਦੋ ਤੋਂ ਤਿੰਨ ਮਹੀਨਿਆਂ ਦੇ ਅੰਦਰ ਰਵਾਨਗੀ ਪ੍ਰਾਪਤ ਕੀਤੀ ਜਾ ਸਕਦੀ ਹੈ। ਕੁਝ ਟੀਚਾ ਪ੍ਰਾਪਤ ਨਾ ਹੋਣ 'ਤੇ ਰਿਫੰਡ ਦੀ ਗਰੰਟੀ ਵੀ ਦਿੰਦੇ ਹਨ। ਉੱਚ ਪੜ੍ਹਾਈ ਜਾਂ ਨੌਕਰੀ ਦੀਆਂ ਇੰਟਰਵਿਊਆਂ ਲਈ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਜਾਂ ਸਮਾਜਿਕ ਗਤੀਸ਼ੀਲਤਾ ਦੀ ਭਾਲ ਵਿੱਚ, ਅਜਿਹੇ ਦਾਅਵਿਆਂ ਦਾ ਵਿਰੋਧ ਕਰਨਾ ਮੁਸ਼ਕਲ ਹੈ ਕਿਉਂਕਿ ਅੰਗਰੇਜ਼ੀ ਇੱਕ ਗਲੋਬਲ ਜ਼ਰੂਰਤ ਬਣ ਗਈ ਹੈ ਅਤੇ ਇਸਨੂੰ ਜਲਦੀ ਹਾਸਲ ਕਰਨ ਦਾ ਦਬਾਅ ਬਹੁਤ ਜ਼ਿਆਦਾ ਹੈ। ਹਾਲਾਂਕਿ, ਇਹਨਾਂ ਭਰੋਸਿਆਂ ਦੇ ਹੇਠਾਂ, ਭਾਸ਼ਾਵਾਂ ਨੂੰ ਅਸਲ ਵਿੱਚ ਕਿਵੇਂ ਸਿੱਖਿਆ ਜਾਂਦਾ ਹੈ ਇਸ ਬਾਰੇ ਇੱਕ ਵਧੇਰੇ ਗੁੰਝਲਦਾਰ ਅਸਲੀਅਤ ਹੈ।

ਬਹੁਤ ਸਾਰੇ ਕੇਂਦਰਾਂ ਵਿੱਚ, ਸਿਖਲਾਈ ਅਨੁਮਾਨਿਤ ਗੱਲਬਾਤ ਪੈਟਰਨਾਂ ਦੇ ਆਲੇ-ਦੁਆਲੇ ਬਣਾਈ ਜਾਂਦੀ ਹੈ। ਸਿਖਿਆਰਥੀਆਂ ਨੂੰ ਆਪਣਾ ਜਾਣ-ਪਛਾਣ ਕਰਵਾਉਣਾ, ਆਪਣੇ ਸ਼ੌਕ ਦਾ ਵਰਣਨ ਕਰਨਾ ਅਤੇ ਉਨ੍ਹਾਂ ਦੀਆਂ ਇੱਛਾਵਾਂ ਬਾਰੇ ਚਰਚਾ ਕਰਨਾ ਅਤੇ ਰੁਟੀਨ ਸਵਾਲਾਂ ਦੇ ਜਵਾਬ ਦੇਣਾ ਸਿਖਾਇਆ ਜਾਂਦਾ ਹੈ। ਇਹ ਲਾਭਦਾਇਕ ਸ਼ੁਰੂਆਤੀ ਬਿੰਦੂ ਹਨ ਪਰ ਵਿਧੀ ਅਕਸਰ ਯਾਦ ਰੱਖਣ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਵਿਦਿਆਰਥੀ ਨਿਸ਼ਚਿਤ ਵਾਕਾਂ ਨੂੰ ਅੰਦਰੂਨੀ ਬਣਾਉਂਦੇ ਹਨ ਅਤੇ ਉਹਨਾਂ ਨੂੰ ਵਿਸ਼ਵਾਸ ਨਾਲ ਦੁਬਾਰਾ ਪੈਦਾ ਕਰਦੇ ਹਨ, ਨਿਯੰਤਰਿਤ ਵਾਤਾਵਰਣਾਂ ਵਿੱਚ ਪ੍ਰਵਾਹ ਦੀ ਪ੍ਰਭਾਵ ਪੈਦਾ ਕਰਦੇ ਹਨ।

ਅੰਗਰੇਜ਼ੀ ਵਿੱਚ ਸੋਚਣਾ ਫਿਰ ਵੀ, ਭਾਸ਼ਾ ਤਿਆਰ ਪ੍ਰਗਟਾਵੇ ਦਾ ਇੱਕ ਸਮੂਹ ਨਹੀਂ ਹੈ ਜਿਸਨੂੰ ਮੰਗ 'ਤੇ ਯਾਦ ਕੀਤਾ ਜਾਵੇ। ਇਹ ਇੱਕ ਸਿਸਟਮ ਹੈ ਜੋ ਦਿਮਾਗ ਵਿੱਚ ਸਰਗਰਮੀ ਨਾਲ ਬਣਾਇਆ ਜਾਣਾ ਚਾਹੀਦਾ ਹੈ. ਸੰਚਾਰ ਦਾ ਪਹਿਲਾ ਕਦਮ ਸੋਚ ਵਿੱਚ ਹੁੰਦਾ ਹੈ, ਜਿੱਥੇ ਵਿਚਾਰ ਸਪਸ਼ਟ ਹੋਣ ਤੋਂ ਪਹਿਲਾਂ ਰੂਪ ਲੈਂਦੇ ਹਨ। ਜਦੋਂ ਸਿਖਿਆਰਥੀ ਮੁੱਖ ਤੌਰ 'ਤੇ ਯਾਦ ਕੀਤੇ ਵਾਕਾਂਸ਼ਾਂ 'ਤੇ ਭਰੋਸਾ ਕਰਦੇ ਹਨ, ਤਾਂ ਉਹ ਅਣਜਾਣ ਸਥਿਤੀਆਂ ਵਿੱਚ ਸੰਘਰਸ਼ ਕਰਦੇ ਹਨ ਜਿਨ੍ਹਾਂ ਲਈ ਸਵੈ-ਇੱਛਾ ਨਾਲ ਪ੍ਰਗਟਾਵੇ ਦੀ ਲੋੜ ਹੁੰਦੀ ਹੈ।

ਅਨੁਵਾਦ 'ਤੇ ਨਿਰਭਰਤਾ ਇਸ ਪ੍ਰਕਿਰਿਆ ਨੂੰ ਹੋਰ ਗੁੰਝਲਦਾਰ ਬਣਾਉਂਦੀ ਹੈ। ਬਹੁਤ ਸਾਰੀਆਂ ਕਲਾਸਰੂਮਾਂ ਵਿੱਚ, ਸੰਕਲਪਾਂ ਨੂੰ ਖੇਤਰੀ ਭਾਸ਼ਾ ਵਿੱਚ ਸਮਝਾਇਆ ਜਾਂਦਾ ਹੈ ਅਤੇ ਫਿਰ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਜਾਂਦਾ ਹੈ। ਹਾਲਾਂਕਿ ਇਹ ਸਿੱਖਣ ਨੂੰ ਆਸਾਨ ਬਣਾ ਸਕਦਾ ਹੈ, ਇਹ ਸਿਖਿਆਰਥੀਆਂ ਨੂੰ ਸਿੱਧੇ ਅੰਗਰੇਜ਼ੀ ਵਿੱਚ ਸੋਚਣ ਤੋਂ ਰੋਕਦਾ ਹੈ। ਇਸ ਦੀ ਬਜਾਏ, ਉਹ ਇੱਕ ਮਾਨਸਿਕ ਅਨੁਵਾਦ ਪ੍ਰਕਿਰਿਆ 'ਤੇ ਨਿਰਭਰ ਹੋ ਜਾਂਦੇ ਹਨ, ਜੋ ਸੰਚਾਰ ਨੂੰ ਹੌਲੀ ਕਰ ਦਿੰਦਾ ਹੈ ਅਤੇ ਅਸਲੀਅਤ ਨੂੰ ਸੀਮਤ ਕਰਦਾ ਹੈ। ਸੱਚੀ ਪ੍ਰਵਾਹ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਭਾਸ਼ਾ ਧਰਮ ਪਰਿਵਰਤਨ ਦੇ ਸਾਧਨ ਦੀ ਬਜਾਏ ਵਿਚਾਰ ਦਾ ਮਾਧਿਅਮ ਬਣ ਜਾਂਦੀ ਹੈ।

ਕੁਝ ਬੋਲਣ ਵਾਲੇ ਅੰਗਰੇਜ਼ੀ ਪ੍ਰੋਗਰਾਮਾਂ ਦੀ ਇੱਕ ਸ਼ਾਨਦਾਰ ਵਿਸ਼ੇਸ਼ਤਾ ਭਾਸ਼ਾ ਸਿੱਖਣ ਦੇ ਜ਼ਰੂਰੀ ਹਿੱਸਿਆਂ ਦੀ ਅਣਗਹਿਲੀ ਹੈ। ਉਦਾਹਰਨ ਲਈ, ਵਿਆਕਰਣ ਨੂੰ ਅਕਸਰ ਇਸ ਦਲੀਲ ਨਾਲ ਬੇਲੋੜਾ ਮੰਨਿਆ ਜਾਂਦਾ ਹੈ ਕਿ ਬੋਲਣ ਵਾਲੀ ਅੰਗਰੇਜ਼ੀ ਲਈ ਸਿਰਫ਼ ਅਭਿਆਸ ਦੀ ਲੋੜ ਹੁੰਦੀ ਹੈ। ਜਦੋਂ ਕਿ ਨਿਯਮਾਂ 'ਤੇ ਬਹੁਤ ਜ਼ਿਆਦਾ ਧਿਆਨ ਦੇਣ ਨਾਲ ਰਵਾਨਗੀ ਵਿੱਚ ਰੁਕਾਵਟ ਆ ਸਕਦੀ ਹੈ, ਵਿਆਕਰਣ ਸੰਬੰਧੀ ਜਾਗਰੂਕਤਾ ਦੀ ਘਾਟ ਸਿਖਿਆਰਥੀਆਂ ਨੂੰ ਇਕਸਾਰ ਅਤੇ ਸਹੀ ਵਾਕਾਂ ਬਣਾਉਣ ਲਈ ਲੋੜੀਂਦੇ ਢਾਂਚੇ ਤੋਂ ਬਿਨਾਂ ਛੱਡ ਦਿੰਦੀ ਹੈ।

ਉਚਾਰਨ ਇੱਕ ਹੋਰ ਨਜ਼ਰਅੰਦਾਜ਼ ਖੇਤਰ ਹੈ। ਕੁਝ ਕੇਂਦਰ ਧੁਨੀ ਵਿਗਿਆਨ ਵਿੱਚ ਯੋਜਨਾਬੱਧ ਸਿਖਲਾਈ ਪ੍ਰਦਾਨ ਕਰਦੇ ਹਨ, ਜੋ ਸਪਸ਼ਟਤਾ ਅਤੇ ਸਮਝਦਾਰੀ ਨੂੰ ਵਿਕਸਿਤ ਕਰਨ ਲਈ ਮਹੱਤਵਪੂਰਨ ਹੈ। ਇਸ ਮਾਰਗਦਰਸ਼ਨ ਤੋਂ ਬਿਨਾਂ, ਸਿਖਿਆਰਥੀ ਆਪਣੀ ਪਹਿਲੀ ਭਾਸ਼ਾ ਦੁਆਰਾ ਪ੍ਰਭਾਵਿਤ ਅਨੁਮਾਨਾਂ 'ਤੇ ਭਰੋਸਾ ਕਰਦੇ ਹਨ, ਜਿਸ ਨਾਲ ਲਗਾਤਾਰ ਗਲਤੀਆਂ ਹੁੰਦੀਆਂ ਹਨ ਜੋ ਅਕਾਦਮਿਕ ਅਤੇ ਪੇਸ਼ੇਵਰ ਸੈਟਿੰਗਾਂ ਵਿੱਚ ਅਕਾਦਮੀ ਅਤੇ ਨਿੱਜੀ ਸੰਚਾਰ ਨੂੰ ਪ੍ਰਭਾਵਤ ਕਰ ਸਕਦੀਆਂ ਹਨ।

ਸ਼ਬਦਾਵਲੀ ਵੀ ਬਰਾਬਰ ਮਹੱਤਵਪੂਰਨ ਹੈ। ਪ੍ਰਭਾਵਸ਼ਾਲੀ ਸੰਚਾਰ ਸਿਰਫ਼ ਆਤਮ-ਵਿਸ਼ਵਾਸ 'ਤੇ ਨਿਰਭਰ ਨਹੀਂ ਕਰਦਾ, ਸਗੋਂ ਵਿਚਾਰ ਪ੍ਰਗਟ ਕਰਨ ਲਈ ਸ਼ਬਦਾਂ ਦੀ ਉਪਲਬਧਤਾ 'ਤੇ ਵੀ ਨਿਰਭਰ ਕਰਦਾ ਹੈ। ਅੰਗਰੇਜ਼ੀ-ਮਿਡੀਅਮ ਸੰਸਥਾਵਾਂ ਵਿੱਚ ਪੜ੍ਹੇ ਗਏ ਵਿਦਿਆਰਥੀਆਂ ਸਮੇਤ ਬਹੁਤ ਸਾਰੇ ਵਿਦਿਆਰਥੀ ਸੀਮਤ ਸ਼ਬਦਾਵਲੀ ਨਾਲ ਸੰਘਰਸ਼ ਕਰਦੇ ਹਨ। ਇਹ ਅੰਗਰੇਜ਼ੀ ਵਿੱਚ ਸੋਚਣ ਅਤੇ ਵਿਚਾਰਾਂ ਨੂੰ ਸਪਸ਼ਟ ਕਰਨ ਦੀ ਉਨ੍ਹਾਂ ਦੀ ਯੋਗਤਾ ਨੂੰ ਸੀਮਤ ਕਰਦਾ ਹੈ। ਸ਼ਬਦਾਵਲੀ ਦਾ ਨਿਰਮਾਣ ਇੱਕ ਹੌਲੀ-ਹੌਲੀ ਪ੍ਰਕਿਰਿਆ ਹੈ ਜਿਸ ਲਈ ਪੜ੍ਹਨ, ਸੁਣਨ ਅਤੇ ਅਰਥਪੂਰਨ ਗੱਲਬਾਤ ਦੇ ਲਗਾਤਾਰ ਸੰਪਰਕ ਦੀ ਲੋੜ ਹੁੰਦੀ ਹੈ। ਇਹ ਸਿਰਫ਼ ਥੋੜ੍ਹੇ ਸਮੇਂ ਦੇ ਕੋਰਸਾਂ ਰਾਹੀਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਗੁਣਵੱਤਾ ਅਤੇ ਨਿਯਮ ਟ੍ਰੇਨਰ ਯੋਗਤਾ ਦਾ ਮੁੱਦਾ ਹੋਰ ਚਿੰਤਾਵਾਂ ਪੈਦਾ ਕਰਦਾ ਹੈ। ਕਈ ਕੇਂਦਰਾਂ ਵਿੱਚ, ਇੰਸਟ੍ਰਕਟਰ ਗ੍ਰੈਜੂਏਟ ਹੁੰਦੇ ਹਨ, ਜਾਂ ਇਸ ਤੋਂ ਵੀ ਘੱਟ, ਭਾਸ਼ਾ ਸਿੱਖਿਆ ਸ਼ਾਸਤਰ ਵਿੱਚ ਘੱਟੋ-ਘੱਟ ਸਿਖਲਾਈ ਅਤੇ ਸੀਮਤ ਪੇਸ਼ੇਵਰ ਅਨੁਭਵ ਦੇ ਨਾਲ। ਕਿਸੇ ਭਾਸ਼ਾ ਨੂੰ ਸਿਖਾਉਣਾ ਸਿਰਫ਼ ਇਸ ਨੂੰ ਬੋਲਣ ਬਾਰੇ ਨਹੀਂ ਹੈ, ਸਗੋਂ ਇਸ ਗੱਲ ਦੀ ਸਮਝ ਦੀ ਲੋੜ ਹੁੰਦੀ ਹੈ ਕਿ ਸਿੱਖਣ ਵਾਲੇ ਭਾਸ਼ਾ ਕਿਵੇਂ ਹਾਸਲ ਕਰਦੇ ਹਨ, ਗਲਤੀਆਂ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ, ਅਤੇ ਸੰਚਾਰ ਯੋਗਤਾ ਕਿਵੇਂ ਵਿਕਸਿਤ ਕੀਤੀ ਜਾ ਸਕਦੀ ਹੈ।

ਇਹ ਸਥਿਤੀ ਸੂਡੋ-ਮੈਡੀਕਲ ਪ੍ਰੈਕਟੀਸ਼ਨਰਾਂ ਦੀ ਘਟਨਾ ਨਾਲ ਇੱਕ ਬੇਚੈਨ ਸਮਾਨਤਾ ਰੱਖਦੀ ਹੈ, ਜੋ ਬਿਨਾਂ ਉਚਿਤ ਯੋਗਤਾਵਾਂ ਦੇ, ਕਲੀਨਿਕਾਂ ਵਿੱਚ ਕੰਮ ਕਰਦੇ ਹਨ ਜਾਂ ਆਪਣਾ ਖੁਦ ਦਾ ਅਭਿਆਸ ਸਥਾਪਤ ਕਰਦੇ ਹਨ। ਅਜਿਹੇ ਮਾਮਲਿਆਂ ਦੀਆਂ ਰਿਪੋਰਟਾਂ ਅਕਸਰ ਖ਼ਬਰਾਂ ਵਿੱਚ ਸਾਹਮਣੇ ਆਉਂਦੀਆਂ ਹਨ, ਜਿਸ ਨਾਲ ਜਨਤਕ ਸੁਰੱਖਿਆ ਅਤੇ ਪੇਸ਼ੇਵਰ ਮਾਪਦੰਡਾਂ ਬਾਰੇ ਗੰਭੀਰ ਸਵਾਲ ਖੜ੍ਹੇ ਹੁੰਦੇ ਹਨ। ਹਾਲਾਂਕਿ ਭਾਸ਼ਾ ਸਿੱਖਿਆ ਵਿੱਚ ਨਤੀਜੇ ਤੁਰੰਤ ਦਿਖਾਈ ਨਹੀਂ ਦੇ ਸਕਦੇ, ਪਰ ਸਿਖਿਆਰਥੀਆਂ ਦੇ ਵਿਸ਼ਵਾਸ ਅਤੇ ਯੋਗਤਾ 'ਤੇ ਲੰਬੇ ਸਮੇਂ ਦਾ ਪ੍ਰਭਾਵ ਮਹੱਤਵਪੂਰਨ ਹੋ ਸਕਦਾ ਹੈ।

ਹਾਲਾਂਕਿ, ਸਾਰੇ ਬੋਲਣ ਵਾਲੇ ਅੰਗਰੇਜ਼ੀ ਕੇਂਦਰਾਂ ਨੂੰ ਖਾਰਜ ਕਰਨਾ ਬੇਇਨਸਾਫ਼ੀ ਹੋਵੇਗੀ। ਬਹੁਤ ਸਾਰੇ ਸਿਖਿਆਰਥੀਆਂ ਲਈ, ਖਾਸ ਤੌਰ 'ਤੇ ਉਹ ਜੋ ਬੋਲਣ ਤੋਂ ਝਿਜਕਦੇ ਹਨ, ਇਹ ਸਥਾਨ ਡਰ ਨੂੰ ਦੂਰ ਕਰਨ ਅਤੇ ਆਤਮ-ਵਿਸ਼ਵਾਸ ਬਣਾਉਣ ਲਈ ਇੱਕ ਸ਼ੁਰੂਆਤੀ ਪਲੇਟਫਾਰਮ ਪ੍ਰਦਾਨ ਕਰਦੇ ਹਨ। ਚਿੰਤਾ ਉਨ੍ਹਾਂ ਦੇ ਹੋਂਦ ਵਿੱਚ ਨਹੀਂ ਹੈ, ਸਗੋਂ ਉਹਨਾਂ ਦੁਆਰਾ ਵਰਤੇ ਗਏ ਤਰੀਕਿਆਂ ਅਤੇ ਉਹਨਾਂ ਦੁਆਰਾ ਬਣਾਈਆਂ ਗਈਆਂ ਉਮੀਦਾਂ ਵਿੱਚ ਹੈ।

ਸਿੱਖਿਆ, ਰੁਜ਼ਗਾਰ ਅਤੇ ਰੋਜ਼ਾਨਾ ਸੰਚਾਰ ਵਿੱਚ ਅੰਗਰੇਜ਼ੀ ਦੇ ਵੱਧ ਰਹੇ ਮਹੱਤਵ ਨੂੰ ਦੇਖਦੇ ਹੋਏ, ਭਾਸ਼ਾ ਸਿਖਲਾਈ ਨੂੰ ਇੱਕ ਗੰਭੀਰ ਅਤੇ ਜ਼ਿੰਮੇਵਾਰ ਉੱਦਮ ਵਜੋਂ ਦੇਖਣ ਦੀ ਲੋੜ ਹੈ। ਰੈਗੂਲੇਟਰੀ ਨਿਗਰਾਨੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੀ ਹੈ ਕਿ ਕੇਂਦਰ ਬੁਨਿਆਦੀ ਮਾਪਦੰਡਾਂ ਨੂੰ ਬਣਾਈ ਰੱਖਦੇ ਹਨ। ਫਲੂਐਂਸੀ ਨੂੰ ਇੱਕ ਨਿਸ਼ਚਿਤ ਮਿਆਦ ਦੇ ਅੰਦਰ ਪੈਕੇਜ, ਕੀਮਤ ਅਤੇ ਡਿਲੀਵਰ ਨਹੀਂ ਕੀਤਾ ਜਾ ਸਕਦਾ ਹੈ। ਇਹ ਲਗਾਤਾਰ ਅਭਿਆਸ, ਅਰਥਪੂਰਨ ਐਕਸਪੋਜ਼ਰ ਅਤੇ ਬੌਧਿਕ ਸ਼ਮੂਲੀਅਤ ਦੁਆਰਾ ਸਮੇਂ ਦੇ ਨਾਲ ਪੈਦਾ ਹੁੰਦਾ ਹੈ।




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
DOT DRUG TEST
“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਦੀਵਾਲੀਆ ਸਲਤਨਤ

ਉੱਖੜ ਗਈਆਂ ਨੇ ਸੜਕਾਂ, ਅੱਜ ਸਾਮਰਾਜ ਦੀਆਂ,
ਬੀਤੇ ਹੋਏ ਸਮਿਆਂ ਨੂੰ, ਰੋ ਰੋ ਪੁਕਾਰਦੀਆਂ।
ਮਹਿਲਾਂ 'ਤੇ ਕਿਲਿਆਂ ਦੀਆਂ, ਨੀਹਾਂ ਨੇ ਖੋਖਲੀਆਂ,
ਮੱਧਮ ਪੈ ਗਈਆਂ ਸ਼ਾਨਾਂ, ਜੋ ਸਨ ਚਮਕਾਰਦੀਆਂ।
ਸਮੇਂ ਸਨ ਉਹ ਵੀ ਜਦੋਂ, ਸੀ ਦੁਨੀਆ ਕੰਬਦੀ,
ਧਰਤ ਦੀਆਂ ਕਈ ਕੌਮਾਂ, ਸਲੂਟਾਂ ਸੀ ਮਾਰਦੀਆਂ।
ਚੜ੍ਹਿਆ ਰਹਿੰਦਾ ਸੀ ਸੂਰਜ, ਇਨ੍ਹਾਂ ਦੇ ਰਾਜ ਉੱਤੇ,
ਅੱਜ ਸੂਰਜ ਦੀਆਂ ਕਿਰਨਾਂ, ਘੱਟ ਹੀ ਲਿਸ਼ਕਾਰਦੀਆਂ।
ਉੱਖੜ ਕੇ ਸਲਤਨਤ ਡਿਗ ਰਹੀ, ਆਪਣੇ ਮੂੰਹ ਪਰਨੇ,
ਚੱਲਦੀਆਂ ਨਹੀਂ ਹੁਣ ਚਾਲਾਂ, ਪੁਰਾਣੀ ਪਰਕਾਰ ਦੀਆਂ।
ਸਾਮ, ਦਾਮ ਅਤੇ ਦੰਡ, ਭੇਦ, ਸਭ ਹੋ ਗਏ ਖੁੰਢੇ,
ਬਿੱਲੀਆਂ ਖਚਰੀਆਂ ਅੱਖਾਂ, ਹੁਣ ਨਹੀਂ ਪੁਚਕਾਰਦੀਆਂ।
ਲੁੱਟੀ ਦੁਨੀਆ ਦੀ ਮਾਇਆ, ਖਾ ਗਏ ਵਿਹਲੇ ਬਹਿ,
ਕਰਜ਼ਿਆਂ ਦੀ ਖ਼ੂਬ ਕਮਾਈ, ਬੈਂਕਾਂ ਡਕਾਰਦੀਆਂ।
ਨੌਜਵਾਨੀ ਭੁੱਲ ਗਈ ਹੁਣ, ਕਰਨੀਆਂ ਮਿਹਨਤਾਂ,
ਹੱਥ 'ਤੇ ਹੱਥ ਧਰ ਬੈਠੀਆਂ, ਮੱਖੀਆਂ ਮਾਰਦੀਆਂ।
ਬਦਲ ਜਾਣਗੇ ਨਕਸ਼ੇ, ਬਰਤਾਨਵੀ ਸਲਤਨਤ ਦੇ,
ਹਾਰਨਗੀਆਂ ਹੁਣ ਫੌਜਾਂ, ਜੋ ਨਹੀਂ ਸਨ ਹਾਰਦੀਆਂ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ
+44 77487-72308

# ਮਾਂ ਨੱਚ ਪਈ

ਪੁੱਤ ਦੇ ਵਿਆਹ ਤੇ ਮਾਂ ਤੋਂ ਚਾਅ ਨ੍ਹੀਂ ਜਾਂਦਾ ਸਾਂਭਿਆ।
ਮੁੜ-ਮੁੜ ਆਖੇ ਉਡ ਹਵਾ'ਚ ਪਰਾਂਦਿਆ।
ਝੱਲੀ ਰੂਪ ਦੀ ਨਾ ਜਾਂਦੀ ਅੱਜ ਝਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ---।
ਮਾਂ ਦੇ ਨਾਲ ਮਾਂ ਦੀਆਂ ਸਹੇਲੀਆਂ ਵੀ ਨੱਚੀਆਂ।
ਇੱਕ-ਦੂਜੀ ਨਾਲੋਂ ਵੱਧ-ਵੱਧਕੇ ਨੇ ਜੱਚੀਆਂ।
ਪਾਤੀ ਗਿੱਧੇ ਵਿੱਚ ਮਿਲਕੇ ਧਮਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ---।
ਮੁੰਡੇ ਦਾ ਪਿਓ ਵੀ ਨੋਟ ਕੋਰੇ-ਕੋਰੇ ਵਾਰਦਾ।
ਵਾਰ-ਵਾਰ ਨੋਟਾਂ ਨੂੰ ਉਹ ਹਵਾ'ਚ ਉਲਾਰਦਾ।
ਨਾਲੇ ਸਾਲੀਆਂ ਦਾ ਰੱਖਦਾ ਖਿਆਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ---।
ਸੱਸ ਅਤੇ ਨੂੰਹ ਦਾ ਅੱਜ ਹੋਣਾ ਏ ਮੁਕਾਬਲਾ।
ਵੇਖਣੇ ਨੂੰ 'ਨਾਗਰਾ' ਵੀ ਹੋਇਆ ਏ ਉਤਾਵਲਾ।
ਆਜੂ ਗਿੱਧੇ ਵਿੱਚ ਅੱਜ ਤਾਂ ਭੁਚਾਲ।
ਨੂੰਹ ਦੇ ਨਾਲ ਸੱਸ ਨੱਚ ਪਈ,
ਖੁਸ਼ੀ ਦੋਹਾਂ ਕੋਲੋਂ ਹੁੰਦੀ ਨ੍ਹੀਂ ਸੰਭਾਲ।
ਨੂੰਹ ਦੇ ਨਾਲ ਸੱਸ ਨੱਚ ਪਈ।

ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



LARRY T. NIERMEYER
Attorney at Law
OFFERING SERVICES IN THE FOLLOWING AREAS
1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation
PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com







WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

STEER TIRE
295/75R22.5
With Installation
Singh: 510-766-9382

**Firestone FS591**

SPECIAL OFFER !!



11R22.5
With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# TAKE CONTROL OF YOUR HEALTH!

PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# CAPITAL SERVICES

**INSURANCE** | **VEHICLE REG.** | **IMMIGRATION** | **NOTARY PUBLIC** | **LIVE SCAN**

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

**6624 FLORIN ROAD, SACRAMENTO CA, 95828**
**FAX: 916)258-0441, Cell: (916)308-7997**
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

**Drug and Alcohol Test**

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

Where Hope Meets

IMMIGRATION OPPORTUNITIES

USA SERVICES :

CITIZENSHIP
GREEN CARD & PETITION
AFFIDAVIT OF SUPPORT
WORK PERMIT RENEW
STUDENT VISA & TRANSFER
TOURIST VISAS

INDIAN SERVICES :

Passport
VISA
OCI CARD
RENUNCIATION
POWER OF ATTORNEY
LEGAL DOCUMENTS ATTESTATIONS
NOTARY SERVICES

WE CAN HELP YOU WORK AND SETTLE IN COUNTRIES WORLDWIDE ALSO

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician**
**Since 1973**
**DHMS-Gold Medalist,**
**BAMS, MDEH**
**Ex-Prof, Principal &**
**CMO Medical**
**Colleges/Hospitals in**
**India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ-ਸਰਲ ਵਿਆਖਿਆ

**ਅੰਗ 177**

ਗਉੜੀ ਗੁਆਰੇਰੀ ਮਹਲਾ ੫ ॥

ਗੁਰ ਕਾ ਬਚਨੁ ਸਦਾ ਅਬਿਨਾਸੀ ॥ ਗੁਰ ਕੈ ਬਚਨਿ ਕਟੀ ਜਮ ਫਾਸੀ ॥ ਗੁਰ ਕਾ ਬਚਨੁ ਜੀਅ ਕੈ ਸੰਗਿ ॥ ਗੁਰ ਕੈ ਬਚਨਿ ਰਚੈ ਰਾਮ ਕੈ ਰੰਗਿ ॥੧॥ ਜੋ ਗੁਰਿ ਦੀਆ ਸੁ ਮਨ ਕੈ ਕਾਮਿ ॥ ਸੰਤ ਕਾ ਕੀਆ ਸਤਿ ਕਰਿ ਮਾਨਿ ॥੧॥ ਰਹਾਉ ॥ ਗੁਰ ਕਾ ਬਚਨੁ ਅਟਲ ਅਛੇਦ ॥ ਗੁਰ ਕੈ ਬਚਨਿ ਕਟੇ ਭ੍ਰਮ ਭੇਦ ॥ ਗੁਰ ਕਾ ਬਚਨੁ ਕਤਹੁ ਨ ਜਾਇ ॥ ਗੁਰ ਕੈ ਬਚਨਿ ਹਰਿ ਕੇ ਗੁਣ ਗਾਇ ॥੨॥ ਗੁਰ ਕਾ ਬਚਨੁ ਜੀਅ ਕੈ ਸਾਥ ॥ ਗੁਰ ਕਾ ਬਚਨੁ ਅਨਾਥ ਕੋ ਨਾਥ ॥ ਗੁਰ ਕੈ ਬਚਨਿ ਨਰਕਿ ਨ ਪਵੈ ॥ ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ ॥੩॥ ਗੁਰ ਕਾ ਬਚਨੁ ਪਰਗਟੁ ਸੰਸਾਰਿ ॥ ਗੁਰ ਕੈ ਬਚਨਿ ਨ ਆਵੈ ਹਾਰਿ ॥ ਜਿਸੁ ਜਨ ਹੋਏ ਆਪਿ ਕ੍ਰਿਪਾਲ ॥ ਨਾਨਕ ਸਤਿਗੁਰ ਸਦਾ ਦਇਆਲ ॥੪॥੫॥੭੪॥ {ਪੰਨਾ 177}

ਭਾਵ ਅਰਥ:-

ਗੁਰੂ ਦੀ ਦੱਸੀ ਹੋਈ ਆਗਿਆ ਅਤੇ ਮਰਗਦਰਸ਼ਨ ਸਦਾ ਥਿਰ ਰਹਿਣ ਵਾਲਾ ਹੈ। ਉਸ ਦੇ ਇਹਨਾਂ ਬਚਨਾਂ ਨਾਲ ਜਮਾਂ ਦੀ ਆਤਮਿਕ ਮੌਤੇ ਮਰਨ ਤੋਂ ਵੀ ਬਚਿਆ ਜਾ ਸਕਦਾ ਹੈ। ਗੁਰੂ ਦੇ ਦੱਸੇ ਹੋਏ ਮਾਰਗ ਉੱਤੇ ਚੱਲਦਿਆਂ ਜੀਵਨ ਸੰਪੂਰਨ ਹੁੰਦਾ ਹੈ ਤੇ ਇਸ ਤਰਾਂ ਉਸ ਅਕਾਲ ਪੁਰਖ ਨਾਲ ਮਿਲਾਪ ਹੁੰਦਾ ਹੈ॥੧॥

ਸਾਧਸੰਗ ਤੇ ਗੁਰੂ ਦਾ ਮਾਰਗ ਮਨ ਤੋਂ ਪ੍ਰਵਾਨ ਕਰਨਾ ਚਾਹੀਦਾ ਤੇ ਸੱਚਾ ਮੰਨਣਾ ਚਾਹੀਦਾ॥੧॥ ਰਹਾਉ॥

ਗੁਰੂ ਦੁਆਰਾ ਕੀਤਾ ਹੋਇਆ ਬਚਨ ਪਰਪੱਕ ਅਤੇ ਅਟੁੱਟ ਹੁੰਦਾ ਹੈ, ਇਹ ਬਚਨ ਹਰ ਤਰ੍ਹਾਂ ਦੇ ਭਰਮ ਤੇ ਭੇਦ ਮਿਟਾ ਦਿੰਦਾ ਹੈ । ਗੁਰੂ ਦੁਆਰਾ ਦੱਸਿਆ ਹੋਇਆ ਵਚਨ ਸਦਾ ਥਿਰ ਰਹਿੰਦਾ ਹੈ, ਇਹਨਾਂ ਬਚਨਾਂ ਦੁਆਰਾ ਹੀ ਮਨੁੱਖ ਸੱਚੇ ਪਾਤਸ਼ਾਹ ਗੋਬਿੰਦ ਪ੍ਰਭੂ ਦੇ ਗੁਣ ਗਾਣ ਕਰਦਾ ਹੈ ਭਜਨ ਕੀਰਤਨ ਕਰਦਾ ਹੈ ਤੇ ਨਿਰੰਕਾਰ ਦੀ ਸਿਫਤ ਸਲਾਹ ਕਰਦਾ ਹੈ॥੨॥

ਗੁਰੂ ਦੁਆਰਾ ਦਿੱਤੀ ਹੋਈ ਸਿੱਖਿਆ ਸਦਾ ਬੰਦੇ ਦੇ ਨਾਲ ਰਹਿੰਦੀ ਹੈ ਜੀਵਨ ਭਰ। ਗੁਰੂ ਦੀ ਸਿੱਖਿਆ ਬੇ ਆਸਰਿਆਂ ਦਾ ਆਸਰਾ ਬਣਦੀ ਹੈ ਜਿਸ ਨੂੰ ਗੁਰੂ ਦੇ ਬਚਨ ਮਿਲ ਗਏ ਸਮਝੋ ਉਸ ਨੂੰ ਸਵਰਗ ਮਿਲ ਗਿਆ ਇੰਨਾਂ ਪਵਿੱਤਰ ਸ਼ਬਦਾਂ ਰਾਹੀਂ ਮਨੁੱਖ ਦੀ ਰਸਨਾ ਵਿੱਚੋਂ ਅੰਮ੍ਰਿਤ ਰਿਸਣ ਲੱਗ ਜਾਂਦਾ ਹੈ (ਭਾਵ ਪ੍ਰਭੂ ਦੀ ਬਾਣੀ ਨਾਲ ਲਗਾਵ ਹੋ ਜਾਂਦਾ ਹੈ ਅਤੇ ਜੁਬਾਨ ਸਿਰਫ ਤੇ ਸਿਰਫ ਉਸ ਅਕਾਲ ਪੁਰਖ ਦਾ ਨਾਮ ਜਪਦੀ ਹੈ)॥੩॥ ਗੁਰੂ ਦੀ ਸਿੱਖਿਆ ਦਾ ਯਸ਼ ਕੁਲ ਜਗਤ ਵਿੱਚ ਫੈਲਦਾ ਹੈ। ਅਜਿਹੀ ਸਿੱਖਿਆ ਬੰਦੇ ਨੂੰ ਕਿਤੇ ਵੀ ਹਾਰ ਦਾ ਮੂੰਹ ਨਹੀਂ ਦੇਖਣ ਦਿੰਦੀ, ਬਸ਼ਰਤੇ ਜਿਸ ਦੇ ਉੱਪਰ ਗੁਰੂ ਆਪ ਕਿਰਪਾਲ ਹੋਇਆ ਹੋਵੇ। ਹੇ ਨਾਨਕ! ਉਹ ਸੱਚਾ ਗੁਰੂ ਸਦਾ ਹੀ ਦਇਆਲੂ ਹੈ।

ਗਉੜੀ ਗੁਆਰੇਰੀ ਮਹਲਾ ੫ ॥

ਜਿਨਿ ਕੀਤਾ ਮਾਟੀ ਤੇ ਰਤਨੁ ॥ ਗਰਭ ਮਹਿ ਰਾਖਿਆ ਜਿਨਿ ਕਰਿ ਜਤਨੁ ॥ ਜਿਨਿ ਦੀਨੀ ਸੋਭਾ ਵਡਿਆਈ ॥ ਤਿਸੁ ਪ੍ਰਭ ਕਉ ਆਠ ਪਹਰ ਧਿਆਈ ॥੧॥ ਰਮਈਆ ਰੇਨੁ ਸਾਧ ਜਨ ਪਾਵਉ ॥ ਗੁਰ ਮਿਲਿ ਅਪੁਨਾ ਖਸਮੁ ਧਿਆਵਉ ॥੧॥ ਰਹਾਉ ॥ ਜਿਨਿ ਕੀਤਾ ਮੂੜ ਤੇ ਬਕਤਾ ॥ ਜਿਨਿ ਕੀਤਾ ਬੇਸੁਰਤ ਤੇ ਸੁਰਤਾ ॥ ਜਿਸੁ ਪਰਸਾਦਿ ਨਵੈ ਨਿਧਿ ਪਾਈ ॥ ਸੋ ਪ੍ਰਭੁ ਮਨ ਤੇ ਬਿਸਰਤ ਨਾਹੀ ॥੨॥ ਜਿਨਿ ਦੀਆ ਨਿਥਾਵੇ ਕਉ ਥਾਨੁ ॥ ਜਿਨਿ ਦੀਆ ਨਿਮਾਨੇ ਕਉ ਮਾਨੁ ॥ ਜਿਨਿ ਕੀਨੀ ਸਭ ਪੂਰਨ ਆਸਾ ॥ ਸਿਮਰਉ ਦਿਨੁ ਰੈਨਿ ਸਾਸ ਗਿਰਾਸਾ ॥੩॥ ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ ॥ ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ ॥ ਕਹੁ ਨਾਨਕ ਇਸ ਤੇ ਕਿਛੁ ਨਾਹੀ ॥ ਰਾਖਨਹਾਰੇ ਕਉ ਸਾਲਾਹੀ ॥੪॥੬॥੭੫॥ {ਪੰਨਾ 177}

ਭਾਵ ਅਰਥ:-

ਹੇ ਭਾਈ ਗਰਭ ਦੇ ਦੌਰਾਨ ਬੱਚੇ ਦੀ ਰੱਖਿਆ ਉਹ ਅਕਾਲ ਪੁਰਖ ਆਪ ਕਰਦਾ ਹੈ ਤੇ ਇਕ ਤਰਾਂ ਮਿੱਟੀ ਤੋਂ ਰਤਨ ਪਦਾਰਥ ਪੈਦਾ ਕਰਦਾ ਹੈ।(ਬੇਜਾਨ ਸਰੀਰ ਵਿੱਚ ਜਾਨ ਪਾ ਕੇ)। ਹੇ ਭਾਈ! ਜਿਸ ਦੀ ਰੱਖਿਆ ਗਰਭ ਕਾਲ ਵਿੱਚ ਰਾਮ ਪ੍ਰਭੂ ਨੇ ਕੀਤੀ ਤੇ ਉਸ ਤੋਂ ਬਾਅਦ ਨਾਮ ਯਸ਼ ਤੇ ਵਡਿਆਈ ਦਿੱਤੀ, ਉਸ ਪ੍ਰਭੂ ਪਰਮਾਤਮਾ ਨੂੰ ਅੱਠੇ ਪਹਿਰ ਯਾਦ ਕਰਨਾ ਕਰ ॥੧॥

ਹੇ ਭਾਈ !ਰਾਮ ਪ੍ਰਭੂ ਦੇ ਚਰਨਾਂ ਦੀ ਧੂੜ ਸੰਗਤ ਵਿੱਚ ਹੀ ਮਿਲਦੀ ਹੈ ਤੇ ਅਕਾਲ ਪੁਰਖ ਦੀ ਸਿਫਤ ਸਲਾਹ ਦਾ ਮੌਕਾ ਮਿਲਦਾ ਹੈ॥੧॥ ਰਹਾਉ॥ ਉਹ ਇੱਕੋ ਹੀ ਪਰਮਾਤਮਾ ਹੈ ਜਿਸ ਨੇ ਮੂਰਖ ਸੁਜਾਨ ਬੇਸੁੱਧ ਤੇ ਬੁੱਧੀ ਰੱਖਣ ਵਾਲੇ ਆਪ ਹੀ ਬਣਾਏ ਹਨ। ਜਿਸ ਦੀ ਕਿਰਪਾ ਅਧੀਨ ਬੰਦਾ ਨੌਂ ਨਿਧੀਆਂ ਹਾਸਲ ਕਰਦਾ ਹੈ, ਸੋ ਹੇ! ਬੰਦਿਆ ਉਸ ਵਾਹਿਗੁਰੂ ਨੂੰ ਸਦਾ ਆਪਣੀਆਂ ਸਿਮਰਤੀਆਂ ਵਿੱਚ ਵਸਾ॥੨॥

ਉਸ ਸੱਚੇ ਪਾਤਸ਼ਾਹ ਜਿਸ ਨੇ ਗਰੀਬ ਅਨਾਥਾਂ ਨੂੰ ਮਾਣ ਬਖਸ਼ਿਆ ਜਿਹਨੇ ਸਭ ਦੀ ਆਸ ਪੂਰੀ ਕੀਤੀ, ਉਸ ਨੂੰ 24 ਘੰਟੇ ਦਿਨ ਰਾਤ ਹਰ ਸਾਹ ਵਿੱਚ ਸਿਮਰਨਾ ਸ਼ੁਰੂ ਕਰ ॥੩॥

ਹੇ ਬੰਦੇ! ਜਿਸ ਦੀ ਕਿਰਪਾ ਸਦਕਾ ਅੰਮ੍ਰਿਤ ਸਰੂਪੀ ਨਾਮ ,ਜੀਵਨ ਅੰਦਰ ਖੱਟਿਆ, ਜਿਸ ਦੀ ਕਿਰਪਾ ਸਦਕਾ ਦੂਜੇ ਭਾਵਾਂ ਦੀ ਰੱਸੀ ਕੱਟੀ ਗਈ। ਹੇ ਨਾਨਕ !ਬੰਦੇ ਦੇ ਹੱਥ ਵਸ ਕੁਛ ਨਹੀਂ, ਕੇਵਲ ਤੇ ਕੇਵਲ ਉਸ ਪ੍ਰਭੂ ਦੀ ਸਿਫਤ ਸਲਾਹ ਕਰਨਾ ਕਰ ਜਿਸਨੇ ਤੈਨੂੰ ਜੀਵਨ ਦਿੱਤਾ ਹੈ॥੪॥

ਗਉੜੀ ਗੁਆਰੇਰੀ ਮਹਲਾ ੫ ॥

ਤਿਸ ਕੀ ਸਰਣਿ ਨਾਹੀ ਭਉ ਸੋਗੁ ॥ ਉਸ ਤੇ ਬਾਹਰਿ ਕਛੂ ਨ ਹੋਗੁ ॥ ਤਜੀ ਸਿਆਣਪ ਬਲ ਬੁਧਿ ਬਿਕਾਰ ॥ ਦਾਸ ਅਪਨੇ ਕੀ ਰਾਖਨਹਾਰ ॥੧॥ ਜਪਿ ਮਨ ਮੇਰੇ ਰਾਮ ਰਾਮ ਰੰਗਿ ॥ ਘਰਿ ਬਾਹਰਿ ਤੇਰੈ ਸਦ ਸੰਗਿ ॥੧॥ ਰਹਾਉ ॥ ਤਿਸ ਕੀ ਟੇਕ ਮਨੈ ਮਹਿ ਰਾਖੁ ॥ ਗੁਰ ਕਾ ਸਬਦੁ ਅੰਮ੍ਰਿਤ ਰਸੁ ਚਾਖੁ ॥ ਅਵਰਿ ਜਤਨ ਕਹਹੁ ਕਉਨ ਕਾਜ ॥ ਕਰਿ ਕਿਰਪਾ ਰਾਖੈ ਆਪਿ ਲਾਜ ॥੨॥ ਕਿਆ ਮਾਨੁਖ ਕਹਹੁ ਕਿਆ ਜੋਰੁ ॥ ਝੂਠਾ ਮਾਇਆ ਕਾ ਸਭੁ ਸੋਰੁ ॥ ਕਰਣ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥੩॥ ਸਰਬ ਸੁਖਾ ਸੁਖੁ ਸਾਚਾ ਏਹੁ ॥ ਗੁਰ ਉਪਦੇਸੁ ਮਨੈ ਮਹਿ ਲੇਹੁ ॥ ਜਾ ਕਉ ਰਾਮ ਨਾਮ ਲਿਵ ਲਾਗੀ ॥ ਕਹੁ ਨਾਨਕ ਸੋ ਧੰਨੁ ਵਡਭਾਗੀ ॥੪॥੭॥੭੬॥ {ਪੰਨਾ 177-178}

ਭਾਵ ਅਰਥ:-

ਹੇ ਬੰਦਿਆ! (ਜਦ ਤੂੰ ਆਪਣੇ ਅੰਦਰੋਂ ਹਉਮੈ ਮਾਰ ਦਿੰਦਾ ਹੈਂ) ਤਦ ਤੇਰੀ ਮਾਨਸਿਕਤਾ ਵਿੱਚੋਂ ਹਰ ਤਰ੍ਹਾਂ ਦਾ ਦੁੱਖ ਦਰਦ ਤੇ ਡਰ ਭੈ ਨਿਕਲ ਜਾਂਦਾ ਹੈ। ਫਿਰ ਉਸ ਅਕਾਲ ਪੁਰਖ ਤੋਂ ਬਿਨਾਂ ਕੁਝ ਹੋਰ ਕੋਈ ਨੀ ਕਰ ਸਕਦਾ। ਸੋ (ਮੇਰੇ ਵੀਰਾ) ਆਪਣੀਆਂ ਸਾਰੀਆਂ ਸਿਆਣਪਾਂ ਤੇ ਦੂਜੇ ਭਾਵ,(ਵਿਕਾਰ ਮਾਇਆ ਭਾਵ, ਮਾਇਆ ਦਾ ਲਾਲਚ, ਰਿਸ਼ਤਿਆਂ ਨਾਤਿਆਂ ਦਾ ਲਾਲਚ)। ਤਿਆਗ ਕੇ ਉਸ ਪ੍ਰਭੂ ਦੇ ਚਰਨਾਂ ਵਿੱਚ ਰੱਖ ਦੇਅ , ਫਿਰ ਉਹ ਆਪੇ ਹੀ ਤੇਰਾ ਸਹਾਰਾ ਬਣਦਾ ਹੈ॥੧॥

ਹੇ ਮੇਰੇ ਹਿਰਦੇ! ਪ੍ਰਭੂ ਨਾਮ ਜਪਣ ਨਾਲ ਤੇਰੇ ਅੰਦਰ ਰੰਗ ਹੀ ਰੰਗ ਮਹਿਸੂਸ ਹੁੰਦੇ ਹਨ (ਭਾਵ ਆਨੰਦ ਦਾ ਵਾਸਾ ਹੁੰਦਾ ਹੈ)। ਉਹ ਸੱਚਾ ਪਾਤਸ਼ਾਹ ਤੂੰ ਜਿੱਥੇ ਵੀ ਰਹਿਨਾਂ ਘਰ ਜਾਂ ਬਾਹਰ ਉਹ ਸਦਾ ਤੇਰੇ ਅੰਗ ਸੰਗ ਹੈ॥੧॥ ਰਹਾਉ॥ ਇਸ ਲਈ ਉਹਦੀ ਆਧਾਰ ਟੇਕ ਦਾ ਆਸਰਾ ਸਦਾ ਆਪਣੇ ਮਨ ਵਿੱਚ ਯਕੀਨੀ ਬਣਾ। ਇਸ ਤਰਾਂ ਉਹਦੇ ਨਾਮ ਦਾ ਸਿਮਰਨ ਤੇਰੇ ਨਾਲ ਰਹੇਗਾ ਤੇ ਉਹ ਅੰਮ੍ਰਿਤ ਰੂਪੀ ਰਸ ਤੂੰ ਸਦਾ ਚਖਦਾ ਰਹੇਂਗਾ। ਹੋਰ ਸਾਰੇ ਓਹੁੜ ਪੋਹੁੜ ਕਾਹਦੇ ਕੰਮ ਦੇ ? ਜਦੋਂ ਉਸ ਅਪਰੰਮਪਾਰ ਨੇ ਆਪ ਹੀ ਤੇਰੀ ਰੱਖਿਆ ਕਰਨੀ ਹੈ ਤੇ ਤੇਰੀ ਇੱਜਤ ਪੱਤ ਬਰਕਰਾਰ ਰੱਖਣੀ ਹੈ॥੨॥

ਮਨੁੱਖ ਦਾ ਕਿਸੇ ਚੀਜ਼ ਤੇ ਵੀ ਜ਼ੋਰ ਨਹੀਂ, ਸੰਸਾਰ ਵਿੱਚ ਜੋ ਕੁਝ ਵੀ ਦਿਖਦਾ ਸਭ ਝੂਠੀ ਮਾਇਆ ਦਾ ਸ਼ੋਰ ਪਿਆ ਹੋਇਆ ਹੈ । ਜੋ ਕੁਛ ਵੀ ਹੁੰਦਾ ਹੈ ਵਾਪਰਦਾ ਹੈ ਉਹ ਦਾਤਾ ਆਪ ਕਰਦਾ ਹੈ ਇਸ ਦੇ ਨਾਲ ਹੀ ਹਰ ਪ੍ਰਾਣੀ ਬਾਰੇ ਉਹ ਸੰਪੂਰਨ ਜਾਣਕਾਰੀ ਰੱਖਦਾ ਹੈ (ਉਹ ਅੰਤਰਜਾਮੀ ਹੈ)॥੩॥

ਸਭ ਤੋਂ ਉੱਤਮ ਸੁਖ ਗੁਰੂ ਦੇ ਉਪਦੇਸ਼ ਨੂੰ ਮੰਨਣਾ ਹੈ। ਹੇ ਨਾਨਕ! ਜਿਸ ਦੇ ਹਿਰਦੇ ਅੰਦਰ ਰਾਮ ਪ੍ਰਭੂ ਦਾ ਨਾਮ ਵਸ ਗਿਆ ਸਮਝੋ ਵੱਡੇ ਭਾਗਾਂ ਵਾਲਾ ਤੇ ਧੰਨ ਧੰਨ ਹੋ ਗਿਆ॥੪॥

**ਅੰਗ 178**

ਗਉੜੀ ਗੁਆਰੇਰੀ ਮਹਲਾ ੫ ॥

ਸੁਣਿ ਹਰਿ ਕਥਾ ਉਤਾਰੀ ਮੈਲੁ ॥ ਮਹਾ ਪੁਨੀਤ ਭਏ ਸੁਖ ਸੈਲੁ ॥ ਵਡੈ ਭਾਗਿ ਪਾਇਆ ਸਾਧਸੰਗੁ ॥ ਪਾਰਬ੍ਰਹਮ ਸਿਉ ਲਾਗੋ ਰੰਗੁ ॥੧॥ ਹਰਿ ਹਰਿ ਨਾਮੁ ਜਪਤ ਜਨੁ ਤਾਰਿਓ ॥ ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ ॥੧॥ ਰਹਾਉ ॥ ਕਰਿ ਕੀਰਤਨੁ ਮਨ ਸੀਤਲ ਭਏ ॥ ਜਨਮ ਜਨਮ ਕੇ ਕਿਲਵਿਖ ਗਏ ॥ ਸਰਬ ਨਿਧਾਨ ਪੇਖੇ ਮਨ ਮਾਹਿ ॥ ਅਬ ਢੂਢਨ ਕਾਹੇ ਕਉ ਜਾਹਿ ॥੨॥ ਪ੍ਰਭ ਅਪੁਨੇ ਜਬ ਭਏ ਦਇਆਲ ॥ ਪੂਰਨ ਹੋਈ ਸੇਵਕ ਘਾਲ ॥ ਬੰਧਨ ਕਾਟਿ ਕੀਏ ਅਪਨੇ ਦਾਸ ॥ ਸਿਮਰਿ ਸਿਮਰਿ ਸਿਮਰਿ ਗੁਣਤਾਸ ॥੩॥ ਏਕੋ ਮਨਿ ਏਕੋ ਸਭ ਠਾਇ ॥ ਪੂਰਨ ਪੂਰਿ ਰਹਿਓ ਸਭ ਜਾਇ ॥ ਗੁਰਿ ਪੂਰੈ ਸਭੁ ਭਰਮੁ ਚੁਕਾਇਆ ॥ ਹਰਿ ਸਿਮਰਤ ਨਾਨਕ ਸੁਖੁ ਪਾਇਆ ॥੪॥੮॥੭੭॥ {ਪੰਨਾ 178}

ਭਾਵ ਅਰਥ:- ਹੇ ਭਾਈ! ਆਪਣੇ ਅਕਾਲ ਪੁਰਖ ਸੱਚੇ ਪਾਤਸ਼ਾਹ ਦੀ ਬਾਣੀ ਸੁਣ ਸੁਣ ਕੇ ਆਓ ਮਨ ਦੀ ਮੈਲ ਉਤਾਰੀਏ। ਜਿਸ ਨਾਲ ਪੱਥਰ ਵਰਗੇ ਹਿਰਦੇ ਵੀ ਨਰਮ ਹੋ ਕੇ ਪਵਿੱਤਰ ਹੋ ਜਾਂਦੇ ਹਨ, ਜਦੋਂ ਉਸ ਅਪਰੰਮਪਾਰ ਪਰਮਾਤਮਾ ਦਾ ਹਿਰਦੇ ਉੱਪਰ ਰੰਗ ਚੜ ਜਾਂਦਾ ਹੈ॥੧॥

ਉਸ ਹਰੀ ਪ੍ਰਭੂ ਦਾ ਨਾਮ ਜਪ ਜਪ ਕੇ ਜੀਵ ਇਸ ਬਿਖੜੇ ਸੰਸਾਰ ਸਾਗਰ ਤੋਂ ਪਾਰ ਉਤਰ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ (ਦੁਬਾਰਾ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਪੈਂਦਾ)॥੧॥ ਰਹਾਉ॥

ਇਸੇ ਤਰ੍ਹਾਂ ਪ੍ਰਭੂ ਪਰਮਾਤਮਾ ਦੀ ਅੰਮ੍ਰਿਤਮਈ ਬਾਣੀ ਦਾ ਸ਼ਬਦ ਕੀਰਤਨ ਕਰਨ ਨਾਲ ਮਨ ਸ਼ਾਂਤ ਅਡੋਲ ਸਹਜ ਹੋ ਜਾਂਦਾ ਹੈ ਤੇ ਨਾਲ ਹੀ ਜਨਮ ਮਰਨ ਦੇ ਪਾਪ ਧੋਤੇ ਜਾਂਦੇ ਹਨ। ਹਿਰਦੇ ਨੂੰ ਇਨੀ ਕੁ ਸੰਤੁਸ਼ਟੀ ਹੁੰਦੀ ਹੈ ਜਿਵੇਂਕਿ ਹਰ ਤਰ੍ਹਾਂ ਦੇ ਖਜ਼ਾਨੇ ਮਿਲ ਗਏ ਹੋਣ, ਮੁੜ ਕੇ ਕਿਸੇ ਚੀਜ਼ ਨੂੰ ਲੱਭਣ ਜਾਣ ਦੀ ਲੋੜ ਨਹੀਂ ਪੈਂਦੀ, ਭਾਵ ਹਰ ਤਰਾਂ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ॥੨॥

ਜਦੋਂ ਉਹ ਅਕਾਲ ਪੁਰਖ ਜੀਵ ਤੇ ਖੁਸ਼ ਹੋ ਜਾਂਦਾ ਹੈ, ਤਾਂ ਸਮਝੋ ਸੇਵਕ ਦੀ ਸਾਰੀ ਘਾਲਣਾ ਦਾ ਮੁੱਲ ਮੁੜ ਗਿਆ। ਉਸ ਗੁਣਾਂ ਦੇ ਖਜ਼ਾਨੇ ਨੂੰ ਸਿਮਰਨ ਨਾਲ, ਉਹਦੀ ਬੰਦਗੀ ਕਰਨ ਨਾਲ ਉਹ ਆਪਣੇ ਦਾਸ ਦੇ ਹਰ ਤਰ੍ਹਾਂ ਦੇ ਜੰਜਾਲ ਨੂੰ ਕੱਟ ਦਿੰਦਾ ਹੈ॥੩॥

ਜਦੋਂ ਮਨੁੱਖ ਇਕ ਮਨ ਚਿੱਤ ਹੋ ਕੇ ਉਸ ਇੱਕ ਨੂੰ ਧਿਆਉਂਦਾ ਹੈ ਤਾਂ ਉਹ ਹਰ ਥਾਂ ਤੇ ਵਿਆਪਤ ਪ੍ਰਭੂ ਮਿਲਦਾ ਹੈ ਤੇ ਇਹ ਸਾਰੇ ਕੁਝ ਖੇਡ ਦਾ ਕਾਰਨ ਸੱਚਾ ਗੁਰੂ ਬਣਦਾ ਹੈ ਜਿਹੜਾ ਹਰ ਤਰ੍ਹਾਂ ਦੇ ਭਰਮ ਭੁਲੇਖੇ ਮਿਟਾ ਦਿੰਦਾ ਹੈ,ਉਸ ਪਰਮ ਪਿਤਾ ਪਰਮਾਤਮਾ ਦੇ ਨਾਮ ਨਾਲ ਜੋੜ ਕੇ । ਹੇ ਨਾਨਕ! ਹਰੀ ਪ੍ਰਭੂ ਨੂੰ ਸਿਮਰਨ ਨਾਲ ਉਸ ਦੀ ਬੰਦਗੀ ਕਰਨ ਨਾਲ ਬੰਦੇ ਨੂੰ ਹਰ ਤਰ੍ਹਾਂ ਦੇ ਸੁੱਖ ਤੇ ਖੁਸ਼ੀਆਂ ਹਾਸਿਲ ਹੁੰਦੇ ਹਨ॥੪॥

ਗਉੜੀ ਗੁਆਰੇਰੀ ਮਹਲਾ ੫ ॥

ਅਗਲੇ ਮੁਏ ਸਿ ਪਾਛੈ ਪਰੇ ॥ ਜੋ ਉਬਰੇ ਸੇ ਬੰਧਿ ਲਕੁ ਖਰੇ ॥ ਜਿਹ ਧੰਧੇ ਮਹਿ ਓਇ ਲਪਟਾਏ ॥ ਉਨ ਤੇ ਦੁਗੁਣ ਦਿੜੀ ਉਨ ਮਾਏ ॥੧॥ ਓਹ ਬੇਲਾ ਕਛੁ ਚੀਤਿ ਨ ਆਵੈ ॥ ਬਿਨਸਿ ਜਾਇ ਤਾਹੂ ਲਪਟਾਵੈ ॥੧॥ ਰਹਾਉ ॥ ਆਸਾ ਬੰਧੀ ਮੂਰਖ ਦੇਹ ॥ ਕਾਮ ਕ੍ਰੋਧ ਲਪਟਿਓ ਅਸਨੇਹ ॥ ਸਿਰ ਊਪਰਿ ਠਾਢੋ ਧਰਮ ਰਾਇ ॥ ਮੀਠੀ ਕਰਿ ਕਰਿ ਬਿਖਿਆ ਖਾਇ ॥੨॥ ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥ ਹਉ ਪੰਡਿਤੁ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥੩॥ ਅਪੁਨੀ ਗਤਿ ਮਿਤਿ ਆਪੇ ਜਾਨੈ ॥ ਕਿਆ ਕੋ ਕਹੈ ਕਿਆ ਆਖਿ ਵਖਾਨੈ ॥ ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ ॥ ਅਪਨਾ ਭਲਾ ਸਭ ਕਾਹੂ ਮੰਗਨਾ ॥੪॥ ਸਭ ਕਿਛੁ ਤੇਰਾ ਤੂੰ ਕਰਣੈਹਾਰੁ ॥ ਅੰਤੁ ਨਾਹੀ ਕਿਛੁ ਪਾਰਾਵਾਰੁ ॥ ਦਾਸ ਅਪਨੇ ਕਉ ਦੀਜੈ ਦਾਨੁ ॥ ਕਬਹੂ ਨ ਵਿਸਰੈ ਨਾਨਕ ਨਾਮੁ ॥੫॥੯॥੭੮॥ {ਪੰਨਾ 178}

ਭਾਵ ਅਰਥ:-

ਹੇ ਮਨਾ! ਯਾਦ ਕਰ ਜਿਹੜੇ ਸਾਡੇ ਪੂਰਵਜ ਇਸ ਜਗਤ ਤੋਂ ਜਾ ਚੁੱਕੇ ਹਨ ,ਉਹ ਆਪਣੇ ਪਿੱਛੇ ਆਪਣੀ ਇਕੱਠੀ ਕੀਤੀ ਧੰਨ ਦੌਲਤ ਛੱਡ ਗਏ ਅਤੇ ਹੁਣ ਉਸ ਤੋਂ ਬਾਅਦ ਜਿਹੜੇ ਅੱਗੋਂ ਜਨਮੇ ਹਨ, ਉਹ ਲੱਕ ਬੰਨ ਕੇ ਹੋਰ ਜੇ ਸਿਆਸੀ ਮਾਇਆ ਇਕੱਠੀ ਕਰਨ ਨੂੰ ਲੱਗੇ ਹਨ॥੧॥

ਹੇ ਮੂਰਖ ਮਨਾ! ਤੂੰ ਆਪਣੇ ਨਾਲ ਕਾਮ ਕ੍ਰੋਧ ਲੋਭ ਮੋਹ ਆਦਿ ਦੀ ਪੰਡ ਬੰਨੀ ਬੈਠਾ ਹੈਂ। ਸਾਰੇ ਫਿਕੇ ਤੇ ਕੌੜੀਆਂ ਚੀਜ਼ਾਂ ਨੂੰ ਮਿੱਠੀਆਂ ਸਮਝ ਕੇ ਹੰਡਾ ਰਿਹਾ ਹੈਂ, ਜਦੋਂ ਕਿ ਤੇਰੇ ਸਿਰ ਉੱਤੇ ਧਰਮਰਾਜ ਦਾ ਡੰਡਾ ਬਰਕਰਾਰ ਹੈ॥੨॥(ਭਾਵ ਇਨਾ ਸਾਰੇ ਵਿਕਾਰਾਂ ਜਿਨਾਂ ਨੂੰ ਤੂੰ ਮਿੱਠੇ ਕਰਕੇ ਹੰਡਾ ਰਿਹਾ ਹੈ ਜੇ ਇਹਦੇ ਵਿੱਚ ਭੋਗ ਵਿਲਾਸ ਤੇ ਆਪਣੇ ਪਰਿਵਾਰ ਜਮਾਂ ਦੇ ਰਿਸ਼ਤਿਆਂ ਦਾ ਮੋਹ ਵੀ ਹੈ ਉਹ ਸਦਾ ਹਿਸਾਬ ਕਿਤਾਬ ਦੇਣਾ ਪੈਣਾ।)

ਮੇਰੀ ਮੇਰੀ, ਜਮੀਨ ਜਾਇਦਾਦ ਕਰਦੇ ਕਰਦੇ ਨੇ ਕਿੰਨੇ ਸਾਰੇ ਵੈਰ ਕਮਾ ਲਏ ਹਨ। ਮੈਂ ਤੇ ਮੇਰੀ ਕਰਦਾ ਕਰਦਾ ਇੰਨਾ ਕਕੁ ਹਉਮੈ ਨਾਲ ਭਰ ਗਿਆ ਹੈਂ ਤੇ ਮੈਂ ਬੜਾ ਪੰਡਿਤ ਵਿਦਵਾਨ ਸਿਆਣਾ ਹਾਂ ਇਸ ਦੇ ਨਾਲ ਹੀ ਉਸ ਕਰਨ ਕਰਾਉਣਹਾਰ ਨੂੰ ਬਿਲਕੁਲ ਹੀ ਭੁੱਲ ਚੁੱਕਿਆ ਹੈਂ॥੩॥

ਹੇ ਨਿਰੰਕਾਰ ਆਕਾਰ ਪ੍ਰਭੂ ! ਸਾਡੀ ਜੀਵਾਂ ਦੀ ਕੀ ਗਤ ਹੋਣੀ ਹੈ, ਸਭ ਕੁਝ ਆਪ ਹੀ ਜਾਣਦਾ ਹੈ। ਅਸੀਂ ਆਪ ਕੁਝ ਵੀ ਕਹਿਣ ਤੇ ਵਿਚਾਰਨ ਦੇ ਯੋਗ ਨਹੀਂ ਹਾਂ। ਅਸੀਂ ਤੇ ਸਿਰਫ ਇਨ੍ਹਾਂ ਕਰ ਸਕਦੇ ਹਾਂ ਕਿ, ਹੇ ਦਾਤਾ! ਤੇਰੇ ਤੋਂ ਆਪਣੇ ਭਲੇ ਦੀ ਅਰਦਾਸ ਤੇ ਜਿਧਰ ਤੂੰ ਲਾਵੇਂ ਉਧਰ ਲੱਗਣਾ॥੪॥

ਹੇ ਵਾਹਿਗੁਰੂ! ਤੂੰ ਅਪਰੰਪਾਰ ਹੈਂ।(ਭਾਵ ਸਾਡੀਆਂ ਗਿਆਨ ਇੰਦਰੀਆਂ ਦੀ ਪਹੁੰਚ ਤੇਰੇ ਅੰਤ ਤੱਕ ਨਹੀਂ ਹੈ) ਦਾਸ ਨਾਨਕ ਕਹਿੰਦੇ ਹਨ! ਹੇ ਅਕਾਲ ਪੁਰਖ ਮੈਨੂੰ ਆਪਣੇ ਨਾਮ ਦਾ ਦਾਨ ਬਖਸ਼ ,ਜਿਹੜਾ ਕਦੇ ਨਾ ਭੁੱਲਣ ਵਾਲਾ ਹੋਵੇ॥੫॥

ਗਉੜੀ ਗੁਆਰੇਰੀ ਮਹਲਾ ੫ ॥

ਅਨਿਕ ਜਤਨ ਨਹੀ ਹੋਤ ਛੁਟਾਰਾ ॥ ਬਹੁਤੁ ਸਿਆਣਪ ਆਗਲ ਭਾਰਾ ॥ ਹਰਿ ਕੀ ਸੇਵਾ ਨਿਰਮਲ ਹੇਤ ॥ ਪ੍ਰਭ ਕੀ ਦਰਗਹ ਸੋਭਾ ਸੇਤ ॥੧॥ ਮਨ ਮੇਰੇ ਗਹੁ ਹਰਿ ਨਾਮ ਕਾ ਓਲਾ ॥ ਤੁਝੈ ਨ ਲਾਗੈ ਤਾਤਾ ਝੋਲਾ ॥੧॥ ਰਹਾਉ ॥ ਜਿਉ ਬੋਹਿਥੁ ਭੈ ਸਾਗਰ ਮਾਹਿ ॥ ਅੰਧਕਾਰ ਦੀਪਕ ਦੀਪਾਹਿ ॥ ਅਗਨਿ ਸੀਤ ਕਾ ਲਾਹਸਿ ਦੂਖ ॥ ਨਾਮੁ ਜਪਤ ਮਨਿ ਹੋਵਤ ਸੂਖ ॥੨॥ ਉਤਰਿ ਜਾਇ ਤੇਰੇ ਮਨ ਕੀ ਪਿਆਸ ॥ ਪੂਰਨ ਹੋਵੈ ਸਗਲੀ ਆਸ ॥ ਡੋਲੈ ਨਾਹੀ ਤੁਮਰਾ ਚੀਤੁ ॥ ਅੰਮ੍ਰਿਤ ਨਾਮੁ ਜਪਿ ਗੁਰਮੁਖਿ ਮੀਤ ॥੩॥ ਨਾਮੁ ਅਉਖਧੁ ਸੋਈ ਜਨੁ ਪਾਵੈ ॥ ਕਰਿ ਕਿਰਪਾ ਜਿਸੁ ਆਪਿ ਦਿਵਾਵੈ ॥ ਹਰਿ ਹਰਿ ਨਾਮੁ ਜਾ ਕੈ ਹਿਰਦੈ ਵਸੈ ॥ ਦੂਖੁ ਦਰਦੁ ਤਿਹ ਨਾਨਕ ਨਸੈ ॥੪॥੧੦॥੭੯॥ {ਪੰਨਾ 178-179}

ਭਾਵ ਅਰਥ:-

ਹੇ ਭਾਈ! ਕਿੰਨੇ ਵੀ ਜਤਨ ਕਰ ਲੈ ਪਾਪਾਂ ਤੋਂ ਛੁਟਕਾਰਾ ਨਹੀਂ ਮਿਲ ਸਕਦਾ, ਜਿੰਨੀ ਵੀ ਸਿਆਣਪ ਵਰਤਨ ਦੀ ਕੋਸ਼ਿਸ਼ ਕਰੇਂਗਾ , ਹੋਰ ਪਾਪਾਂ ਦਾ ਭਾਗੀ ਬਣੇਂਗਾ । ਪ੍ਰਭੂ ਪਰਮਾਤਮਾ ਦੀ ਬੰਦਗੀ ਉਸ ਦੀ ਸਿਫਤ ਸਲਾਹ ਹੀ ਤੇਰਾ ਸਹਾਰਾ ਬਣੇਗੀ ਅਤੇ ਉਸ ਦਾਤੇ ਦੇ ਦਰਬਾਰ ਵਿੱਚ ਤੈਨੂੰ ਜਗ੍ਹਾ ਮਿਲੇਗੀ॥੧॥

ਹੇ ਮੇਰੇ ਮਨਾ ! ਉਸ ਪ੍ਰਭੂ ਪਰਮਾਤਮਾ ਦੇ ਆਧਾਰ ਟੇਕ ਦਾ ਆਸਰਾ ਲੈ ਤੇ ਉਸ ਨਾਲ ਤੈਨੂੰ ਕਿਸੇ ਤਰ੍ਹਾਂ ਦੁੱਖ ਤਕਲੀਫ ਨਹੀਂ ਲੱਗੇਗਾ॥੧॥ ਰਹਾਉ॥

ਜਿਸ ਤਰਾਂ ਸਮੁੰਦਰ ਵਿੱਚਲਾ ਬੇੜਾ,ਬੰਦੇ ਨੂੰ ਡੁੱਬਣ ਦਾ ਡਰ ਮਿਟਾ ਦਿੰਦਾ ਹੈ ,ਦੀਪਕ ਹਨੇਰੇ ਨੂੰ ਖਤਮ ਕਰ ਦਿੰਦਾ ਹੈ , ਅੱਗ ਸਰਦੀ ਤੋਂ ਬਚਾ ਕਰਦੀ ਹੈ, ਇਸੇ ਤਰਾਂ ਹਰੀ ਪ੍ਰਭੂ ਦਾ ਨਾਮ ਹਰ ਤਰ੍ਹਾਂ ਦੇ ਸੁਖ ਆਨੰਦ ਦਿੰਦਾ ਹੈ॥੨॥

ਹੇ ਪ੍ਰਾਣੀ! ਜੇ ਤੂੰ ਗੁਰੂ ਦੇ ਦੱਸੇ ਮਾਰਗ ਅਨੁਸਾਰ,ਉਸ ਸੱਚੇ ਪਾਤਸ਼ਾਹ ਦਾ ਨਾਮ ਸਿਮਰਨ ਕਰਦਾ ਰਹੇਂਗਾ ਤਾਂ ਤੇਰੇ ਮਨ ਦੀ ਸਾਰੀ ਤ੍ਰਿਸ਼ਨਾ ਮਿਟ ਜਾਏਗੀ ,ਸਾਰੀਆਂ ਆਸਾਂ ਉਮੀਦਾਂ ਪੂਰੀਆਂ ਹੋ ਜਾਣਗੀਆਂ ਤੇ ਤੇਰਾ ਚਿੱਤ ਟਿਕਾਣੇ ਤੇ ਆ ਜਾਏਗਾ ।ਸਹਿਜ ਅਡੋਲ ਅਵਸਥਾ ਵਿੱਚ ਪਹੁੰਚ ਜਾਏਗਾ॥੩॥

ਦਾਸ ਨਾਨਕ ਫਰਮਾਉਂਦੇ ਹਨ! ਨਾਮ ਦਾ ਦਾਰੂ ਉਹੀ ਮਨੁੱਖ ਹਾਸਿਲ ਕਰ ਸਕਦਾ ਹੈ ਜਿਸ ਉੱਤੇ ਪ੍ਰਭੂ ਪਰਮਾਤਮਾ ਦੀ ਆਪਣੀ ਕਿਰਪਾ ਦ੍ਰਿਸ਼ਟੀ ਹੋਵੇ, ਅਤੇ ਉਸ ਦੇ ਹਿਰਦੇ ਅੰਦਰ ਪ੍ਰਭੂ ਦਾ ਨਾਮ ਵਸ ਜਾਵੇ ਤੇ ਹੇ ਨਾਨਕ! ਉਸ ਦੇ ਸਾਰੇ ਦੁੱਖ ਦਲਿੱਦਰ ਨਾਸ਼ ਹੋ ਜਾਂਦੇ ਹਨ॥੪॥



SANJHI SOCH
ਨਰੇਸ਼ ਕੁਮਾਰੀ
ਨਿਊਜ਼ੀਲੈਂਡ
+642041755894